ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੦ ਕੱਤਕ ਸੰਨ ੨੦੨੫ Wednesday, 5 November

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ। ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ। ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ। ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।।

## ਸਮੁੱਚੀ ਨਾਨਕ ਨਾਮ ਲੇਵਾ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਹੋਣ ਜੀ।

**ਵੱਲੋਂ: ਅਦਾਰਾ ਖ਼ਾਲਸਾ ਅਖ਼ਬਾਰ**

# ਕਲਿ ਤਾਰਣ ਗੁਰੁ ਨਾਨਕ ਆਇਆ



ਬੀਰ ਦਵਿੰਦਰ ਸਿੰਘ (ਸਵਰਗੀ)
ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ

ਵੇਦ ਕਾਲ ਦੇ ਸਾਰੇ ਪ੍ਰਚੱਲਿਤ ਵਿਚਾਰਾਂ ਦੀ ਪ੍ਰਤਿਭਾ ਤੋਂ ਇਨਕਾਰੀ ਹੋਣਾ ਸੰਕੀਰਨ ਅਗਿਆਨਤਾ ਹੈ। ਇਹ ਕਹਿਣਾ ਵੀ ਠੀਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਦੇ ਸਮਿਆਂ ਤੋਂ ਪਹਿਲਾਂ ਸੰਸਾਰ ਵਿਚ ਗਿਆਨ ਦਾ ਪ੍ਰਵਾਹ ਨਹੀਂ ਸੀ। ਪਰ ਇਹ ਸੱਚ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਾ ਸਮਾਂ, ਇਕ ਅਜਿਹਾ ਸਮਾਂ ਸੀ, ਜਦੋਂ ਵੇਦਾਂ ਦੇ ਗਿਆਨ ਦੀ ਵਾਸਤਵਿਕਤਾ ਦਾ ਵਿਘਟਨ ਹੋ ਰਿਹਾ ਸੀ, ਗਿਆਨ ਦੀ ਪ੍ਰਤਿਭਾ ਨੂੰ ਅੰਧਵਿਸ਼ਵਾਸਾਂ ਦਾ ਗ੍ਰਹਿਣ ਲੱਗ ਚੁੱਕਾ ਸੀ। ਮਾਨਵ ਸਮਾਜ ਵਿਚੋਂ ਦਾਨਾਈ ਦੀ ਚੇਤਨਾ ਮਨਫ਼ੀ ਹੋ ਰਹੀ ਸੀ, ਗਿਆਨ ਦਾ ਪ੍ਰਕਾਸ਼ ਲੁਪਤ ਹੋ ਰਿਹਾ ਸੀ ਤੇ ਸੰਸਾਰ ਵਿਚ ਚਾਰੇ ਪਾਸੇ ਅੰਧਗੁਬਾਰ ਤੇ ਅੰਧਘੋਰ ਦਾ ਬੋਲਬਾਲਾ ਸੀ। ਇਸ ਸਮੇਂ ਦੇ ਦੌਰ ਨੂੰ ਯੁੱਗ-ਚੇਤਨਾ ਵਿਚ ਕਲਜੁੱਗ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ। ਕਲਜੁਗ ਤੋਂ ਭਾਵ ਹੈ, ਸਮਿਆਂ ਦਾ ਤਾਰੀਕ ਦੌਰ (Dark Age)। ਅਜਿਹੇ ਸਮੇਂ ਨੂੰ ਇਕ ਨਵਾਂ ਮੋੜ ਦੇ ਕੇ, ਕਲਜੁਗੀ ਮਨੁੱਖ ਦੇ ਮਨ ਵਿਚ ਗਿਆਨ ਦੇ ਬੋਧ ਪ੍ਰਤੀ, ਨਵੀਂ ਚੇਤਨਾ ਜਗਾਉਣ ਅਤੇ ਉਸ ਦੇ ਅਵਚੇਤਨ ਵਿਚ ਸੁੱਤੀ ਪਈ ਸੋਝੀ ਨੂੰ ਗਿਆਨ ਦੇ ਤਰਕ ਨਾਲ ਝੰਜੋੜ ਕੇ, ਉਸ ਦੀ ਜਗਿਆਸਾ ਨਾਲ, ਵਰਨਾਤਮਿਕ ਪੁਨਰ ਸੰਵਾਦ ਰਚਾਉਣਾ, ਉਸ ਦੌਰ ਦੀ ਸਭਤੋਂ ਵੱਡੀ ਚੁਣੌਤੀ ਸੀ। ਨਕਾਰਾਤਮਿਕ ਸਮਿਆਂ ਦੇ ਅੰਤਰਮੁਖੀ ਭਰਮਾਂ ਅਤੇ ਬਾਹਰਮੁਖੀ ਪਖੰਡਾਂ ਦਾ ਖੰਡਨ ਕਰਕੇ ਉਨ੍ਹਾਂ ਨੂੰ ਦਲੀਲ ਨਾਲ ਝੂਠੇ ਸਿੱਧ ਕਰਨ ਦੀ ਵੱਡੀ ਚੁਣੌਤੀ, ਕਿਸੇ ਪੈਗੰਬਰੀ ਯੁਗਪੁਰਸ਼ ਦੇ ਆਗਮਨ ਨਾਲ ਹੀ ਸਵੀਕਾਰ ਹੋ ਸਕਦੀ ਸੀ।

ਇਸ ਮਹਾਨ ਕਾਰਜ ਲਈ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਸ ਸੰਸਾਰ ਵਿਚ ਹੋਇਆ। ਭਾਈ ਗੁਰਦਾਸ ਜੀ ਦੇ ਇਹ ਅਨੁਭਵੀ ਬਚਨ, ਕਲਜੁਗੀ ਸਮੇਂ ਦੇ ਇਸੇ ਸੱਚ ਨੂੰ ਬਿਆਨ ਕਰਦੇ ਹਨ ; ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਮਨੁੱਖੀ ਜਗਿਆਸਾ ਦੀ ਨਵਚੇਤਨਾ ਦਾ ਜੋ ਸੁਨੇਹਾ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਦਿਤਾ, ਉਹ ਦੇਸ਼-ਦਿਸ਼ਾਂਤਰਾਂ ਦੇ ਹੱਦਾਂ ਬੰਨਿਆਂ ਤਕ ਸੀਮਤ ਨਹੀਂ ਸੀ, ਗੁਰੂ ਨਾਨਕ ਦੇਵ ਜੀ ਦਾ ਹਰੇਕ ਵਿਚਾਰ 'ਸ਼ਬਦ ਰੂਪ' ਤੇ ਵਿਸ਼ਵਵਿਆਪੀ ਚਿੰਤਨ ਦੇ ਗਹਿਰ-ਗੰਭੀਰ ਵਿਸ਼ਿਆਂ ਨੂੰ ਹਾਜ਼ਰ-ਨਾਜ਼ਰ ਰੂਪ ਵਿਚ ਪ੍ਰਗਟ ਕਰਦਾ ਸੀ।

ਬਾਬੇ ਤਾਰੇ ਚਾਰਿ ਚਕਿ
ਨਉ ਖੰਡਿ ਪ੍ਰਿਥਮੀ ਸਚਾ ਢੋਆ
ਗੁਰਮਖਿ ਕਲਿ ਵਿਚ ਪਰਗਟੁ ਹੋਆ ॥

(ਭਾਈ ਗੁਰਦਾਸ ਜੀ)

ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀ ਦਰਸ਼ਨ ਵਿਚ, ਮਨੁੱਖ ਦੇ ਵਿਕਾਸ ਦੇ ਸਿਧਾਂਤ ਨੂੰ ਉਨ੍ਹਾਂ ਦੇ ਮੂਲ ਰੂਪ ਵਿਚ ਛੋਹਿਆ ਹੈ, ਇਸ ਸੰਧਰਵ ਵਿਚ ਉਨ੍ਹਾਂ ਦੀ ਵਿਖਿਆਤ ਸਮਾਲੋਚਨਾ ਧਿਆਨ ਦੇਣ ਯੋਗ ਹੈ।

ਸੁਮੇਰ ਪਰਬਤ ਤੇ ਹੋਈ ਸਿੱਧ ਗੋਸ਼ਟੀ ਵਿਚ, ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਦਾ ਮੂਲ ਸਵਾਲ ਇਹ ਸੀ ;

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥

ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਨੂੰ ਇਹ ਉੱਤਰ ਸੀ;

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

(ਭਾਵ: ਸੁਆਸ ਮਨੁੱਖ ਦੇ ਜੀਵਨ ਦੀ ਹਸਤੀ ਦਾ ਮੁੱਢ ਹੈ ਤੇ ਇਹ ਸੁੱਚਾ ਸਮਾਂ, ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ (ਪ੍ਰਭੂ) ਹੈ, ਮੇਰੀ ਸੁਰਤੀ ਸ਼ਬਦ ਦੀ ਮੁਰੀਦ ਹੈ)

ਉਪਰੋਕਤ ਤੋਂ ਪ੍ਰਤੱਖ ਹੈ ਕਿ ਸ਼ਬਦ ਦਾ ਆਵੇਸ਼, ਸਿੱਖ ਸੁਰਤੀ ਦਾ ਮੂਲ ਪ੍ਰੇਰਨਾ ਸ੍ਰੋਤ ਹੈ, ਸ਼ਬਦ ਹੀ ਸਿੱਖ ਸੋਝੀ ਦਾ ਮੂਲ ਸਵਰ ਤੇ ਉਸਦੀ ਪ੍ਰਤਿਧੁਨੀ ਹੈ। ਗੁਰੂ ਪਦਵੀ ਪ੍ਰਾਪਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਬਦ ਦੀ ਇਸੇ ਭਾਵਨਾ ਦੇ ਭਿੰਨ-ਭਿੰਨ ਤੱਤਾਂ ਦਾ ਸੰਸਲੇਸ਼ਣਕ ਸੰਜੋਗ ਹਨ। ਸਿੱਖ ਚੇਤਨਾ ਵਿਚ ਸਬਦੁ ਦੇ ਅਭਿਵਿਅੰਜਨ ਨੂੰ ਸੁਰਤੀ ਨਾਲ ਇੱਕਸੁਰ ਕਰਕੇ ਨਾਮ ਸਿਮਰਨ ਕਰਨਾ, ਸਤਿਗੁਰ ਦੀ ਬੰਦਗੀ ਹੈ।

ਇਸ ਅਭਿਵਿਅੰਜਨਾ ਨੂੰ ਪ੍ਰਮਾਣਿਤ ਕਰਦਾ ਇਕ ਉਮਦਾ ਦ੍ਰਿਸ਼ਟਾਂਤ ਗੁਰੂ ਸਾਖੀਆਂ ਵਿਚ ਮਿਲਦਾ ਹੈ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੀਵਾਨ ਸਜਾਈ ਬੈਠੇ ਸਨ, ਇਕ ਜਗਿਆਸੂ ਸਵਾਲ ਕਰਦਾ ਹੈ, 'ਮਹਾਰਾਜ ਇਹ ਦੱਸੋ ਸਭ ਤੋਂ ਉੱਤਮ ਜੂਨੀ ਕਿਹੜੀ ਹੈ ?। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ;

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥

(ਅਰਥਾਤ: ਹੇ ਮਨੁੱਖ ਮੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ, ਪ੍ਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਏਹੋ ਇਕ ਸਵੱਲਾ ਮੌਕਾ ਹੈ, ਹੋਰ ਕਾਰਜ ਤੇਰੇ ਕਿਸੇ ਵੀ ਕੰਮ ਨਹੀਂ ਆਉਣੇ। ਸਤਿਸੰਗਤ ਵਿਚ ਜੁੜਕੇ ਉਸਦੇ ਨਾਮ ਦੀ ਅਰਾਧਨਾ ਕਰ ਲੈ, ਜਿਸ ਨੇ ਤੈਨੂੰ ਸਭ ਤੋਂ ਉੱਤਮ ਮਨੁੱਖਾ ਜਨਮ ਦਿਤਾ ਹੈ) ਇਸਲਾਮ ਵਿਚ ਵੀ ਮਨੁੱਖਾ ਜਨਮ ਨੂੰ ਅਸ਼ਰਫ਼-ਉਲ-ਮਖ਼ਲੂਕਾਤ ਆਖ ਕੇ ਤਸ਼ਬੀਅਤ ਕੀਤਾ ਹੈ। ਅਸ਼ਰਫ-ਉਲ-ਮਖ਼ਲੂਕਾਤ ਦਾ ਭਾਵ ਹੈ ; ਕਾਇਨਾਤ ਦੀ ਸਰਬਉੱਚਤਮ ਰਚਨਾ। ਗੁਰੂ ਅਰਜਨ ਦੇਵ ਜੀ ਦੇ ਦੀਵਾਨ ਵਿਚ ਜੁੜੀ ਸੰਗਤ ਵਿਚੋਂ, ਇਕ ਹੋਰ ਜਗਿਆਸੂ ਸਵਾਲ ਕਰਦਾ ਹੈ : ਬੰਦਗੀ ਵਿਚ ਲੀਨ ਹੋਣ ਦਾ ਅਨੁਸਾਸ਼ਿਨ ਅਤੇ ਅੰਤਰ ਧਿਆਨ ਹੋਣ ਦੀ ਸਹੀ ਵਿਧੀ ਕੀ ਹੈ ? ਪੰਜਵੇਂ ਗੁਰੂ ਫੁਰਮਾਉਂਦੇ ਹਨ;

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ (ਅੰਗ 517, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

(ਭਾਵ : ਆਪਣੇ ਮਨ ਵਿਚ ਗੁਰੂ ਨੂੰ ਯਾਦ ਕਰ ਅਤੇ ਜੀਭ ਨਾਲ ਗੁਰੂ ਦਾ ਨਾਮ ਜਪ। ਅੱਖਾਂ ਨਾਲ ਅੰਤਰ ਧਿਆਨ ਹੋ ਕੇ ਗੁਰੂ ਦੇ ਦਰਸ਼ਨ ਦੀਦਾਰੇ ਕਰ ਅਤੇ ਕੰਨਾਂ ਨਾਲ ਗੁਰੂ ਦਾ ਨਾਮ ਸੁਣ। ਜੇ ਇਸ ਵਿਧੀ ਰਾਹੀਂ ਬੰਦਗੀ ਕਰੇਂਗਾ ਤਾਂ ਉਸਦੀ ਦਰਗਾਹ ਵਿਚ, ਨਿਸ਼ਚੇ ਹੀ ਪਨਾਹ ਮਿਲੇਗੀ)

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 22 ਵਰ੍ਹੇ, ਸੰਸਾਰ ਦੀਆਂ ਚਾਰੇ ਦਿਸ਼ਾਵਾਂ ਦਾ ਭਰਮਣ ਕੀਤਾ। ਗੁਰੂ ਸਾਹਿਬ ਨੇ ਆਪਣੀਆਂ ਪੰਜੇ ਹੀ ਉਦਾਸੀਆਂ ਵਿਚ ਲਗਭਗ 27000 ਕਿਲੋਮੀਟਰ ਪੈਦਲ ਸਫ਼ਰ ਕੀਤਾ। ਇਸ ਯਾਤਰਾ ਵਿਚ ਗੁਰੂ ਜੀ ਦੀ ਹਰ ਗੋਸ਼ਟੀ ਤੇ ਸੰਵਾਦ, ਗਿਆਨ ਦੇ ਪ੍ਰਕਾਸ਼ ਨਾਲ ਲਬਰੇਜ਼, ਦਲੀਲ ਅਤੇ ਤਰਕ 'ਤੇ ਅਧਾਰਿਤ, ਵਿਸ਼ੇਸ਼, ਸਪੱਸ਼ਟੀਕਰਨ ਪ੍ਰਸਤੁਤ ਕਰਦੀ ਹੈ। ਮਿਸਾਲ ਵਜੋਂ, ਸੁਮੇਰ ਪਰਬਤ 'ਤੇ ਹੋਈ ਸਿੱਧ ਗੋਸ਼ਟੀ ਵਿਚ, ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਆਪਣੇ ਸਾਰੇ ਸਵਾਲਾਂ ਦੇ ਠੀਕ ਅਤੇ ਤਰਕ ਭਰਪੂਰ ਉੱਤਰ ਸੁਣ ਕੇ, ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਗਿਆਨ ਨੂੰ ਸਵੀਕਾਰ ਕਰ ਲਿਆ, ਤਦ ਫੇਰ ਸਿੱਧ ਪੁੱਛਦੇ ਹਨ।

"ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ
ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ
ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜੁ ਅੰਧਾਰਾ
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜਿਆ ਸੰਸਾਰਾ
ਪਾਪ ਗਿਰਾਸੀ ਪ੍ਰਿਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ
ਸਿਧ ਛਪਿ ਬੈਠੇ ਪਰਬਤੀ ਕਉਣ ਜਗਤ ਕਉ ਪਾਰਿ ਉਤਾਰਾ" (ਭਾਈ ਗੁਰਦਾਸ ਜੀ)

ਉਪਰੋਕਤ ਦੇ ਸੰਧਰਵ ਵਿਚ, ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਲੰਮੇ ਪੈਂਡਿਆਂ ਦੀ ਗਾਥਾ, ਉਨ੍ਹਾਂ ਦੇ ਤਰਜੀਹੀ ਸੰਕਲਪਾਂ ਦੇ ਮੂਲ ਮਨੋਰਥਾਂ ਨੂੰ, ਅਜੋਕੇ ਵਿਸ਼ਵ ਸਰੋਕਰਾਂ ਦੇ ਪ੍ਰਸੰਗ ਵਿਚ, ਪੁਨਰ ਪ੍ਰਸਤੁਤ ਕਰਨਾ ਸਮੇਂ ਦੀ ਵੱਡੀ ਲੋੜ ਹੈ। ਕਿਉਂਕਿ ਸਿੱਖ ਧਰਮ, ਅੱਜ ਇਕ ਵਿਸ਼ਵ ਧਰਮ ਦੇ ਰੂਪ ਵਿਚ ਸਥਾਪਿਤ ਹੋ ਚੁੱਕਾ ਹੈ, ਇਸ ਲਈ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦੇ ਸੂਖਮ ਸੰਕੇਤ ਅਤੇ ਸੰਦੇਸ਼ ਸਮੁੱਚੀ ਮਾਨਵਤਾ ਦੇ ਭਲੇ ਲਈ, ਉਨ੍ਹਾਂ ਤਕ ਅਪੜਨੇ ਜ਼ਰੂਰੀ ਹਨ। ਅੱਜ ਸੰਸਾਰ ਦਾ ਬਹੁਤ ਵੱਡਾ ਹਿੱਸਾ ਬਹੁ-ਸਭਿਆਚਾਰੀ, ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਨਸਲੀ, ਮਨੁੱਖੀ ਸਮਾਜ ਦੇ ਅੰਤਰ ਵਿਰੋਧਾਂ ਦੇ ਦਵੰਦ ਨਾਲ ਜੂਝ ਰਿਹਾ ਹੈ। ਇਸ ਪਰਿਪੇਖ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਸੂਖਮ ਲਕਸ਼ਾਂ ਦੀ ਵਾਸਤਵਿਕਤਾ ਅਤੇ ਸਾਪੇਖਤਾ ਨੂੰ, ਪੂਰੇ ਵਿਸ਼ਵ ਵਿਚ ਪਹੁੰਚਾਉਣ ਦੀ ਲੋੜ ਹੈ। ਗੁਰੂ ਜੀ ਦੀਆਂ ਉਦਾਸੀਆਂ ਦੇ ਪੁਰਨੂਰ ਪੈਂਡਿਆਂ ਦੀਆਂ ਪੈੜਾਂ ਤੇ ਸਾਖੀਆਂ ਦੇ ਸੱਚ, ਅੱਜ ਦੇ ਬੇਨੂਰ ਸਮਿਆਂ ਵਿਚ, ਮਾਨਵਵਾਦ ਦੇ ਪਸਾਰੇ ਲਈ ਪੂਰੇ ਵਿਸ਼ਵ ਵਿਚ ਪੁਨਰ ਪ੍ਰਭਾਸ਼ਿਤ ਕਰਨਾ, ਸਮੇਂ ਦੀ ਲੋੜ ਹੈ। ਇਸ ਮਹਾਨ ਕਾਰਜ ਵਿਚ, ਸਮੂਹ ਸਿੱਖ ਸੰਸਥਾਵਾਂ, ਸਿੱਖ ਖੋਜ ਸੰਸਥਾਵਾਂ, ਸਿੱਖ ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ, ਕਵੀਸ਼ਰਾਂ ਤੇ ਕਥਾਵਾਚਕਾਂ, ਪਾਠੀਆਂ ਅਤੇ ਅਰਦਾਸੀਆਂ ਦੀ ਵੱਡੀ ਪ੍ਰਮਾਣਿਕ ਭੂਮਿਕਾ ਬਣਦੀ ਹੈ। ਇਸ ਲਈ ਉਨ੍ਹਾਂ ਦੇ ਕਾਰਜ ਖੇਤਰਾਂ ਦੀ ਸ਼ਨਾਖਤ ਕਰਕੇ, ਇਹ ਕਾਰਜ ਉਨ੍ਹਾਂ ਦੇ ਸਪੁਰਦ ਹੋਣੇ ਚਾਹੀਦੇ ਹਨ ਤੇ ਉਹ ਦੱਸਣ ਕਿ ਗੁਰੂ ਨਾਨਕ ਦੇਵ ਜੀ ਦੀ ਫਿਲਾਸਫ਼ੀ ਦੇ ਜਹੂਰ ਨੂੰ, ਸਮੁੱਚੀ ਸਿੱਖ ਚੇਤਨਾ ਅਤੇ ਜੀਵਨ ਜਾਚ ਵਿਚ ਕਿਵੇਂ ਢਾਲਣਾ ਹੈ ?

ਇਸ ਕਾਰਜ ਨੂੰ ਸਹੀ ਦ੍ਰਿਸ਼ਟੀ ਵਿਚ ਨੇਪਰੇ ਚਾੜ੍ਹਨ ਲਈ, ਨਵੇਂ ਅਤੇ ਸੰਜੀਦਾ ਖੋਜ ਕਾਰਜਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਨੂੰ, ਉੱਤਮ ਸਾਹਿਤ ਦੇ ਰੂਪ ਵਿਚ ਸੰਸਾਰ ਦੀਆਂ ਸਾਰੀਆਂ ਜ਼ੁਬਾਨਾਂ ਵਿਚ, ਤਰਜੁਮੇ ਕਰਵਾ ਕੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਗੁਰੂ ਦੀ ਗੋਲਕ, ਜੋ ਸਿੱਖ ਸੰਗਤਾਂ ਦੇ ਸ਼ਰਧਾਪੂਰਵਕ ਦਸਵੰਧ ਅਤੇ ਤਿਲ-ਫੁਲ ਭੇਟਾਵਾਂ ਨਾਲ ਭਰਪੂਰ ਹੁੰਦੀ ਹੈ, ਉਸ ਨੂੰ ਬੇਦਰਦੀ ਅਤੇ ਬੇਸਮਝੀ ਨਾਲ ਅੰਞਾਈ ਨਹੀਂ ਗਵਾਉਣਾ ਚਾਹੀਦਾ।

ਸਮੂਹ ਸਿੱਖ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਸੇਵਾ ਵਿਚ, ਇਕ ਹਕੀਕੀ ਅਰਜ਼ਦਾਸਤ ਹੈ ਕਿ ਵਿਸ਼ਵ ਸਰੋਕਾਰਾਂ ਦੀ ਦ੍ਰਿਸ਼ਟੀ ਵਿਚ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ, ਗੁਰੂ ਨਾਨਕ ਸਾਹਿਬ ਦੀ ਫਿਲਾਸਫ਼ੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਵਲੋਕਨ ਅਨੁਸਾਰ, ਸਮੁੱਚੇ ਸਿੱਖ ਭਾਈਚਾਰੇ ਲਈ, ਸਾਰੇ ਸਿੰਘ ਸਾਹਿਬਾਨ ਵਲੋਂ, ਇਕ ਕੇਂਦਰੀ ਸੰਦੇਸ਼ ਜਾਰੀ ਹੋਣਾ ਚਾਹੀਦਾ ਹੈ, ਜੋ ਸਿੱਖ ਸੰਗਤਾਂ ਲਈ ਵਿਸ਼ੇਸ਼ ਕਰਕੇ ਅਤੇ ਸਮੁੱਚੀ ਮਾਨਵਤਾ ਲਈ ਆਮ ਕਰਕੇ, ਜੀਵਨ ਦੇ ਹਰ ਖੇਤਰ ਲਈ ਪ੍ਰਸੰਗਿਕ ਹੋਵੇ। ਇਹ ਸੰਦੇਸ਼ ਦੇਸ-ਪ੍ਰਦੇਸ਼ ਦੇ ਸਾਰੇ ਗੁਰਦਵਾਰਿਆਂ ਵਿਚ ਪੜ੍ਹਿਆ, ਪਰਚਾਰਨਾ ਅਤੇ ਪ੍ਰਸਾਰਨਾ ਚਾਹੀਦਾ ਹੈ।


## ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੮ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ, ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਚਪਨ ਅਵਸਥਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਬਾਰੇ ਕਈ ਵਿਚਿੱਤਰ ਅਤੇ ਮਨ ਉਪਰ ਡੂੰਘਾ ਪ੍ਰਭਾਵ ਪਾਉਣ ਵਾਲੀਆਂ ਕਥਾਵਾਂ ਪ੍ਰਚਲਿਤ ਹਨ। ਕਿਹਾ ਜਾਂਦਾ ਹੈ ਕਿ ਗ੍ਰਾਮ ਦੇ ਵਿਹਾਰ ਅਨੁਸਾਰ ਜਦ ਉਨ੍ਹਾਂ ਨੂੰ ਛੋਟੀ ਆਯੂ ਵਿਚ ਵੱਗ ਦੀ ਚਰਾਈ ਲਈ ਬਾਹਰ ਭੇਜਿਆ ਗਿਆ ਤਾਂ ਇਹ ਪ੍ਰਭੂ-ਭਗਤੀ ਵਿਚ ਇੰਨੇ ਮਗਨ ਹੋ ਗਏ ਕਿ ਗਾਈਆਂ ਮੱਝੀਆਂ ਨੂੰ ਰੋਕਣ ਦਾ ਧਿਆਨ ਨਾ ਰਿਹਾ। ਪਸ਼ੂ ਇਕ ਜੱਟ ਦੇ ਖੇਤ ਵਿਚ ਜਾ ਵੜੇ। ਜੱਟ ਨੇ ਆਪਣੀ ਫਸਲ ਖ਼ਰਾਬ ਹੋਈ ਤੱਕ ਕੇ ਚੌਧਰੀ ਰਾਏ ਬੁਲਾਰ ਪਾਸ ਪੁਕਾਰ ਕੀਤੀ। ਪਰ ਜਦ ਨਾਨਕ ਜੀ ਪਾਸੋਂ ਪੁਛਿਆ ਗਿਆ ਤਾਂ ਉਨ੍ਹਾਂ ਕਿਹਾ, ਫਸਲ ਤਾਂ ਉਂਜ ਹੀ ਹੈ ਤਬਾਹੀ ਕੋਈ ਨਹੀਂ ਹੋਈ। ਲੋਕਾਂ ਸੱਚ ਮੁੱਚ ਜਾ ਦੇਖਿਆ ਤਾਂ ਪਾਰਬ੍ਰਹਮ ਸਿਰਜਣਹਾਰ ਦੀ ਕਿਰਪਾ ਦੁਆਰਾ ਫਸਲ ਦਾ ਕੁੱਝ ਵੀ ਨਹੀਂ ਸੀ ਗਿਆ। ਇੰਜ ਹੀ ਕਥਾ ਵਿਚ ਹੈ ਕਿ ਇਨ੍ਹਾਂ ਨੂੰ ਇਕ ਦਿਨ ਖੇਤ ਵਿਚ ਬਾਲਪਣ ਵਿਚ ਨੀਂਦਰ ਆ ਗਈ। ਇਕ ਰੁੱਖ ਤਲੇ ਸੌਂ ਰਹੇ। ਸਮਾਂ ਲੰਘਣ ਨਾਲ ਹੋਰਾਂ ਰੁੱਖਾਂ ਦੇ ਪਰਛਾਵੇਂ ਤਾਂ ਢਲ ਕੇ ਪੂਰਬ ਵੱਲ ਨੂੰ ਪੈਣ ਲੱਗੇ, ਪਰ ਜਿਸ ਰੁੱਖ ਥਲੇ ਇਹ ਸੁਤੇ ਸਨ ਉਸ ਦਾ ਪਰਛਾਵਾਂ ਇਨ੍ਹਾਂ ਦੇ ਮੁੱਖ ਉਪਰ ਤਿਵੇਂ ਦਾ ਤਿਵੇਂ ਹੀ ਰਿਹਾ। ਇਹ ਕੌਤਕ ਰਾਏ ਬੁਲਾਰ ਨੇ ਅੱਖੀਂ ਤੱਕਿਆ। ਉਸ ਨੂੰ ਪਹਿਲਾਂ ਤੋਂ ਪਤਾ ਸੀ ਕਿ ਇਹ ਬਾਲਕ ਪ੍ਰਭੂ-ਭਗਤੀ ਵਿਚ ਮਗਨ ਰਹਿੰਦਾ ਹੈ ਅਤੇ ਰੱਬ ਦਾ ਕੋਈ ਵਿਸ਼ੇਸ਼ ਅਤੇ ਸੱਚੀ ਲਗਨ ਵਾਲਾ ਜੀਵ ਹੈ। ਇਹ ਰੁੱਖ ਦੇ ਪਰਛਾਵੇਂ ਦਾ

ਕੌਤਕ ਤੱਕ ਕੇ ਤਾਂ ਉਸ ਨੇ ਸੁੱਤੇ ਹੋਏ ਬਾਲ ਨਾਨਕ ਨੂੰ ਨਮਸਕਾਰ ਕੀਤਾ ਅਤੇ ਆਪਣੇ ਸਾਥੀਆਂ ਪ੍ਰਤਿ ਦਸਿਆ ਕਿ ਇਹ ਤਾਂ ਕੋਈ ਰੱਬੀ ਅਵਤਾਰ, ਕੋਈ ਔਲੀਆ ਹੈ। ਸੋ ਸਭ ਨੇ ਮੱਥਾ ਟੇਕਿਆ ਅਤੇ ਇਹ ਆਮ ਚਰਚਾ ਹੋਣ ਲੱਗ ਪਈ ਕਿ ਕਾਲੂ ਦਾ ਪੁੱਤਰ ਨਾਨਕ ਕੋਈ ਸਾਧਾਰਣ ਜੀਵ ਨਹੀਂ; ਕੋਈ ਅਲੌਕਿਕ ਹਸਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਾਂਧੇ ਅਤੇ ਮੌਲਵੀ ਪਾਸ ਸੰਸਕ੍ਰਿਤ, ਮਹਾਜਨੀ ਅਤੇ ਫ਼ਾਰਸੀ ਵਿੱਦਿਆ ਪੜ੍ਹਨ ਲਈ ਭੇਜਿਆ ਗਿਆ ਤਾਂ ਵੀ ਉਨ੍ਹਾਂ ਅਜਿਹੇ ਪ੍ਰਸ਼ਨ ਕੀਤੇ ਕਿ ਉਹ ਚਕਿਤ ਰਹਿ ਗਏ। ਗੁਰੂ ਜੀ ਨੇ ਇਨ੍ਹਾਂ ਨੂੰ ਆਖਿਆ ਕਿ ਅਜਿਹਾ ਗਿਆਨ ਦਿਓ ਜੋ ਇਸ ਜੀਵਨ ਨੂੰ ਅਤੇ ਆਉਣ ਵਾਲੇ ਜੀਵਨ ਨੂੰ ਸਵਾਰੇ, ਮਨੁੱਖ ਦਾ ਸਹਾਈ ਹੋਵੇ। ਇਹ ਸੰਸਾਰੀ ਗਿਣਤੀਆਂ ਮਿਣਤੀਆਂ ਕਿਸ ਕਾਰਜ? ਇਹ ਉਹ ਉੱਚਾ ਬ੍ਰਹਮ ਗਿਆਨ ਸੀ ਜੋ ਆਪਣੀ ਆਤਮਾ ਵਿਚ ਗੁਰੂ ਨਾਨਕ ਦੇਵ ਜੀ ਨੂੰ ਫੁਰਿਆ ਅਤੇ ਜਿਸ ਦੀ ਸਿੱਖਿਆ ਪਿਛੋਂ ਜਾ ਕੇ ਉਨ੍ਹਾਂ ਮਨੁੱਖ ਮਾਤਰ ਨੂੰ ਦਿੱਤੀ। ਪਾਠਸ਼ਾਲਾ ਅਤੇ ਮੁੱਲਾਂ ਦੀ ਮਸੀਤ ਵਿਚ ਇਨ੍ਹਾਂ ਅੱਖਰੀ ਗਿਆਨ ਚੋਖਾ ਪ੍ਰਾਪਤ ਕੀਤਾ, ਪਰ ਇਸ ਸੰਸਾਰਕ ਗਿਆਨ ਨੂੰ ਉਹ ਬਹੁਤ ਮਹੱਤਵ ਨਹੀਂ ਸਨ ਦਿੰਦੇ। ਜਿਸ ਵਿਦਿਆ ਰਾਹੀਂ ਮੁਕਤੀ ਦਾ ਦੁਆਰਾ ਪ੍ਰਾਪਤ ਹੋਵੇ, ਮਨੁੱਖ ਦੁੱਖ ਦੇ ਧੰਦੇ ਤੋਂ ਛੁਟ ਕੇ ਸਦਾ ਆਨੰਦ ਪ੍ਰਾਪਤ ਕਰੇ, ਉਸ ਵਿੱਦਿਆ ਨੂੰ ਉਹ ਮਨੁੱਖ ਲਈ ਅਸਲ ਲਾਭਵੰਦ ਵਸਤੂ ਸਮਝਦੇ ਸਨ।

ਜਦ ਇਨ੍ਹਾਂ ਦੀ ਆਯੂ ਨੌਂ ਵਰ੍ਹੇ ਦੀ ਹੋਈ ਤਾਂ ਜਾਤੀ ਅਤੇ ਵੰਸ਼ ਦੀ ਮਰਿਆਦਾ ਅਨੁਸਾਰ ਇਨ੍ਹਾਂ ਨੂੰ ਯਗੋਪਵਿਤ ਜਾਂ ਜਨੇਊ ਪੁਵਾਉਣ ਲੱਗੇ। ਗੁਰੂ ਜੀ ਨੇ ਪਾਂਧੇ ਤੋਂ ਇਕ ਅਲੌਕਿਕ ਮੰਗ ਕੀਤੀ ਜੋ ਕਿਸੇ ਬਾਲਕ ਲਈ ਹੀ ਨਹੀਂ ਬਲਕਿ ਵੱਡੇ ਤੋਂ ਵੱਡੇ ਮਨੁੱਖ ਨੂੰ ਵੀ ਬ੍ਰਹਮ ਗਿਆਨ ਤੋਂ ਬਿਨਾਂ ਫੁਰ ਨਹੀਂ ਸੀ ਸਕਦੀ। ਜਨੇਊ ਇਕ ਵੱਟਿਆ ਹੋਇਆ ਧਾਗਾ ਹੁੰਦਾ ਹੈ ਜੋ ਮੋਢੇ ਤੋਂ ਧੜ ਦੁਆਲੇ ਲਪੇਟਿਆ ਹੁੰਦਾ ਹੈ। ਇਹ ਹਿੰਦੂ ਜਾਤੀ ਦੇ ਉੱਤਮ ਵਰਗ ਦਾ ਚਿੰਨ੍ਹ ਹੈ। ਭਾਵੇਂ ਇਸ ਨੂੰ ਧਾਰਨ ਕਰਨ ਦਾ ਅਰਥ ਵਾਸਤਵ ਵਿਚ ਮਨੁੱਖ ਨੂੰ ਚੰਗੇ ਗੁਣਾਂ ਵੱਲ ਲੈ ਜਾਣ ਦੀ ਪ੍ਰੇਰਣਾ ਹੋਵੇ, ਅਤੇ ਨੈਤਿਕ ਸੰਜਮ ਦਾ ਚਿੰਨ੍ਹ ਹੋਵੇ, ਪਰ ਆਮ ਕਰਕੇ ਜਨੇਊ ਕੇਵਲ ਵਿਖਾਵਾ ਹੀ ਹੁੰਦਾ ਹੈ। ਇਸ ਨੂੰ ਧਾਰਨ ਕਰਨਾ ਕਿਸੇ ਵਿਸ਼ੇਸ਼ ਨੈਤਿਕ ਜੀਵਨ ਜਾਂ ਸੁੱਚ ਦੀ ਜ਼ਮਾਨਤ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਨੇ ਪੰਡਿਤ ਨੂੰ ਜੋ ਜਨੇਊ ਪਾਉਣ ਆਇਆ ਸੀ ਆਖਿਆ: ਪਾਂਧਾ ਜੀ, ਮੈਨੂੰ ਇਹ ਧਾਗੇ ਦਾ ਜਨੇਊ ਨਹੀਂ ਲੋੜੀਂਦਾ। ਇਸ ਦਾ ਕੀ ਲਾਭ ਹੈ? ਮੈਨੂੰ ਸੱਚਾ ਜਨੇਊ ਧਾਰਨ ਕਰਾਓ।

ਪੰਡਿਤ ਇਹ ਵਾਕ ਸੁਣ ਕੇ ਚਕਿਤ ਰਹਿ ਗਿਆ-ਆਖਣ ਲੱਗਾ ਉਹ ਕਿਹੜਾ ਜਨੇਊ ਹੁੰਦਾ ਹੈ? ਤਾਂ ਗੁਰੂ ਜੀ ਨੇ ਆਖਿਆ-ਉਹ ਜਨੇਊ ਜੋ ਦਇਆ ਦੀ ਕਪਾਹ, ਸੰਤੋਖ ਦੇ ਸੂਤਰ, ਜਤ ਜਾਂ ਸੁੱਚੇ ਆਚਰਣ ਦੀ ਗੰਢ ਅਤੇ ਸਤਿ ਅਰਥਾਤ ਦ੍ਰਿੜ ਸੰਜਮ ਦੇ ਵਟ ਦਾ ਹੋਵੇ। ਇਹ ਜਨੇਊ ਤੇਰੇ ਕੋਲ ਹੈ ਤਾਂ ਮੇਰੇ ਸਰੀਰ ਉੱਪਰ ਘੱਤ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥<br>
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥<br>
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥<br>
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

(ਵਾਰ ਆਸਾ)

ਇਹ ਉੱਚੀ ਸਿੱਖਿਆ ਗੁਰੂ ਜੀ ਨੇ ਸਰਵ ਮਾਨਵ ਮਾਤਰ ਨੂੰ ਦਿੱਤੀ-ਜਨੇਊ ਧਾਰਨ ਕਰਨਾ ਹੀ ਧਰਮ ਨਹੀਂ।

ਧਰਮ ਵਾਲੇ ਗੁਣ ਗ੍ਰਹਿਣ ਕਰਨਾ ਜਿਨ੍ਹਾਂ ਵਿਚ ਉੱਤਮ ਦਇਆ, ਸੰਤੋਖ, ਜਤ ਸਤ ਹਨ-ਇਹ ਧਰਮ ਹੈ। ਇਵੇਂ ਹੀ ਉਨ੍ਹਾਂ ਨੇ ਜਨੇਊ ਦੇ ਪ੍ਰਸੰਗ ਵਿਚ ਆਖਿਆ ਹੈ-ਇਹ ਸੰਸਾਰੀ ਲੋਕ ਜਨੇਊ ਤਾਂ ਧਾਰਨ ਕਰ ਲੈਂਦੇ ਹਨ ਪਰ ਇਨ੍ਹਾਂ ਦਿਆਂ ਮਨਾਂ ਉਪਰ ਕੋਈ ਬੁਰਾਈ ਵਿਰੁੱਧ ਰੋਕ, ਕੋਈ ਅੰਕੁਸ਼ ਨਹੀਂ ਹੁੰਦਾ, ਜੇ ਜਨੇਊ ਮਨ ਨੂੰ ਬੁਰਾਈ ਤੋਂ ਨਹੀਂ ਰੋਕਦਾ ਤਾਂ ਸਗੋਂ ਮਨੁੱਖ ਦਾ ਅਭਿਮਾਨ ਵੱਧਦਾ ਹੈ ਕਿ ਮੈਂ ਭਾਰਾ ਨੇਕ ਤੇ ਧਰਮੀ ਹਾਂ: ਭਾਵੇਂ ਵਿਚੋਂ ਉਸ ਦੇ ਮਨ ਵਿਚ ਖੋਟ ਭਰਿਆ ਹੋਵੇ।

ਅਜਿਹੀ ਸਿੱਖਿਆ ਗੁਰੂ ਜੀ ਨੇ ਤੀਰਥ ਅਸ਼ਨਾਨ ਬਾਰੇ ਵੀ ਦਿੱਤੀ। ਤੀਰਥਾਂ ਉਪਰ ਅਸ਼ਨਾਨ ਦਾ ਲਾਭ ਤਾਂ ਹੈ ਜੇ ਉਥੇ ਜਾ ਕੇ ਮਨ ਦੀ ਮੈਲ ਉਤਰੇ, ਅਰਥਾਤ ਮਨੁੱਖ ਦਾ ਹਿਰਦਾ ਪਵਿੱਤਰ ਹੋਵੇ। ਜੇ ਇਹ ਨਾ ਹੋਵੇ ਤਾਂ ਮਨੁੱਖ ਜੇ ਅਠਾਹਠ ਤੀਰਥਾਂ ਦਾ ਵੀ ਅਸ਼ਨਾਨ ਕਰੇ ਤਾਂ ਇਸ ਨਾਲ ਕੋਈ ਲਾਭਨਹੀਂ। ਬਿਨਾ ਮਨ ਦੀ ਪਵਿੱਤਰਤਾ ਦੇ, ਗੁਰੂ ਜੀ ਦੇ ਕਥਨ ਅਨੁਸਾਰ, ਮਨੁੱਖ ਅਜਿਹੀ ਤੂੰਬੀ ਵਾਂਗ ਹੈ ਜੋ ਬਾਹਰੋਂ ਤਾਂ ਧੋਤੀ ਹੋਵੇ ਪਰ ਵਿਚੋਂ ਉਸ ਵਿਚ ਨਿਰੋਲ ਜ਼ਹਿਰ ਭਰਿਆ ਹੋਵੇ। ਸੋ ਹਰ ਇਕ ਪ੍ਰਸੰਗ ਵਿਚ ਉਨ੍ਹਾਂ ਨੇ ਸ਼ੁੱਧ ਆਤਮਾ ਦੀ ਸਿੱਖਿਆ ਦਿੱਤੀ, ਜੋ ਧਰਮ ਦਾ ਅਟੁੱਟ ਚਿੰਨ੍ਹ ਹੈ। ਜਿਸ ਦੇ ਮਨ ਅਤੇ ਆਤਮਾ ਵਿਚ ਸ਼ੁੱਧੀ ਨਹੀਂ, ਉਹ ਕਿੰਨੇ ਹੀ ਭਾਵੇਂ ਕਰਮਕਾਂਡ ਕਰੇ, ਉਸ ਨੂੰ ਜਾਣੋਂ ਧਰਮ ਦੀ ਉੱਕਾ ਸਾਰ ਹੀ ਨਹੀਂ।...



**ਗੁਰਬਚਨ ਸਿੰਘ ਤਾਲਿਬ**

# ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਕਰਨ ਦਾ ਢੰਗ



ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਜਿਨ੍ਹਾਂ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।<br>
ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।<br>
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।<br>
ਚੜ੍ਹਿਆ ਸੋਧਣਿ ਧਰਤਿ ਲੁਕਾਈ ॥

(ਵਾਰ ੧, ਪਉੜੀ ੨੪)

ਭਾਈ ਗੁਰਦਾਸ ਜੀ ਦੁਨੀਆਂ ਦੇ ਕਿਸੇ ਇਕ ਦੇਸ਼ ਜਾਂ ਕਿਸੇ ਇਕ ਖਾਸ ਖਿੱਤੇ ਦੀ ਗੱਲ ਨਹੀਂ ਕਰ ਰਹੇ। ਉਨ੍ਹਾਂ ਵਲੋਂ ਵਰਤੇ ਗਏ ਸ਼ਬਦ 'ਪ੍ਰਿਥਵੀ', 'ਲੁਕਾਈ' ਅਤੇ 'ਧਰਤਿ' ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਹ ਸ਼ਬਦ ਗੁਰੂ ਜੀ ਦੇ ਉਪਦੇਸ਼ ਕਰਨ ਦੇ ਢੰਗ ਦੀ ਵਿਸ਼ਾਲਤਾ ਦੇ ਸੂਚਕ ਹਨ।

ਗੁਰੂ ਨਾਨਕ ਦੇਵ ਜੀ ਧਰਮ ਦੇ ਪ੍ਰਚਾਰ ਲਈ ਕੇਵਲ ਹਿੰਦੁਸਤਾਨ ਤਕ ਸੀਮਤ ਨਹੀਂ ਸਨ। ਆਪ ਨੇ ਕਾਬਲ, ਮੱਕਾ, ਮਦੀਨਾ, ਬਗ਼ਦਾਦ, ਕਸ਼ਮੀਰ, ਤਿੱਬਤ, ਅਸਾਮ ਅਤੇ ਲੰਕਾ ਤਕ ਦੀ ਯਾਤਰਾ ਵੀ ਕੀਤੀ। ਹਿੰਦੁਸਤਾਨ ਵਿਚ ਅਤੇ ਬਾਹਰ ਪ੍ਰਚਲਤ ਧਰਮਾਂ ਅਤੇ ਵਿਸ਼ਵਾਸ਼ਾਂ ਦੇ ਮੁੱਖ ਕੇਂਦਰਾਂ 'ਤੇ ਆਪ ਗਏ ਅਤੇ ਉਥੇ ਜਾ ਕੇ ਆਪ ਜੀ ਨੇ ਸੱਚ ਦੀ ਗੱਲ ਸਾਰਿਆਂ ਤਕ ਪਹੁੰਚਾਈ। ਸਭਨਾਂ ਦੇ ਭਰਮ-ਭੁਲੇਖੇ ਦੂਰ ਕੀਤੇ ਅਤੇ ਸਭਨਾਂ ਦੇ ਮਨਾਂ ਨੂੰ ਮੋਹ ਲਿਆ। ਇਸੇ ਕਰਕੇ ਹੀ ਭਾਈ ਗੁਰਦਾਸ ਜੀ ਨੇ ਗੁਰੂ ਜੀ ਨੂੰ 'ਜਗਤ ਗੁਰ ਬਾਬਾ' ਆਖਿਆ। ਭਾਈ ਸਾਹਿਬ ਨੇ ਗੁਰੂ ਜੀ ਦੇ ਉਪਦੇਸ਼ ਦੇ ਅਸਰ ਨੂੰ ਇਸ ਪੰਕਤੀ ਰਾਹੀਂ ਬਾਖੂਬੀ ਦਰਸਾਇਆ ਹੈ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।

(ਵਾਰ ੧, ਪਉੜੀ ੪੫)

ਇਸ ਤਰ੍ਹਾਂ ਗੁਰੂ ਜੀ ਦੇ ਉਪਦੇਸ਼ ਕਰਨ ਦੇ ਢੰਗ ਦਾ ਪਹਿਲਾ ਵਿੱਲਖਣ ਗੁਣ ਇਹੀ ਬਣਦਾ ਹੈ ਕਿ ਆਪ ਜੀ ਨੇ ਇਕ ਜਗ੍ਹਾ ਡੇਰਾ ਲਾ ਕੇ ਪ੍ਰਚਾਰ ਨਹੀਂ ਕੀਤਾ ਸਗੋਂ ਦੂਰ-ਦੂਰ ਤਕ ਪੈਦਲ ਸਫ਼ਰ ਕਰਕੇ ਆਪਣੇ ਰੂਹਾਨੀ ਉਪਦੇਸ਼ ਨੂੰ ਬਹੁਤ ਸਾਰੇ ਲੋਕਾਂ ਤਕ ਪਹੁੰਚਾਇਆ ਅਤੇ ਉਨ੍ਹਾਂ ਦੇ ਹਿਰਦਿਆਂ ਨੂੰ ਠੰਢਕ ਪਹੁੰਚਾਈ। ਵਿਸ਼ਾਲਤਾ ਦੀ ਦ੍ਰਿਸ਼ਟੀ ਤੋਂ ਗੁਰੂ ਜੀ ਨੇ ਵੇਦ-ਕਤੇਬ, ਛੇ-ਦਰਸ਼ਨ ਅਤੇ ਹੋਰ ਪ੍ਰਚਲਤ ਵਿਚਾਰਧਾਰਾਵਾਂ ਦਾ ਡੂੰਘਾ ਅਧਿਐਨ ਕੀਤਾ। ਉਸ ਸਮੇਂ ਦੀ ਧਾਰਮਿਕ, ਸਮਾਜਕ, ਸਭਿਆਚਾਰਕ, ਰਾਜਨੀਤਕ, ਆਰਥਕ ਆਦਿ ਸਭ ਕਿਸਮ ਦੀ ਹਾਲਤ ਬਾਰੇ ਗੁਰੂ ਜੀ ਨੂੰ ਡੂੰਘੀ ਸੂਝ ਸੀ। ਇਸ ਤੋਂ ਇਲਾਵਾ ਆਪ ਜੀ ਨੂੰ ਫ਼ਾਰਸੀ, ਤੁਰਕੀ, ਅਰਬੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦਾ ਡੂੰਘਾ ਗਿਆਨ ਸੀ।

ਪਹਿਲਾਂ ਤੋਂ ਚੱਲ ਰਹੀ ਭਗਤੀ-ਲਹਿਰ ਪ੍ਰਤੀ ਡੂੰਘਾ ਸੰਪਰਕ ਆਪ ਜੀ ਨੇ ਪੈਦਾ ਕਰ ਲਿਆ ਸੀ। ਇਨ੍ਹਾਂ ਸਾਰੀਆਂ ਗੱਲਾਂ ਨੇ ਆਪ ਜੀ ਦੇ ਉਪਦੇਸ਼ ਕਰਨ ਦੇ ਢੰਗ ਅਤੇ ਦਾਇਰੇ ਵਿਚ ਭਾਰੀ ਵਿਸ਼ਾਲਤਾ ਲੈ ਆਂਦੀ।

ਦੂਜਾ ਗੁਣ, ਜੋ ਗੁਰੂ ਜੀ ਦੇ ਉਪਦੇਸ਼ ਕਰਨ ਦੇ ਢੰਗ ਵਿਚ ਸਪੱਸ਼ਟ ਨਜ਼ਰ ਆਉਂਦਾ ਹੈ, ਉਹ ਹੈ ਉਪਦੇਸ਼ ਕਰਨ ਦਾ ਵਿਵਹਾਰਕ ਢੰਗ। ਹਰਦੁਆਰ ਜਾ ਕੇ ਆਪ ਨੇ ਪੱਛਮ-ਦਿਸ਼ਾ ਵੱਲ ਪਾਣੀ ਸੁੱਟਣਾ ਸ਼ੁਰੂ ਕੀਤਾ ਤਾਂ ਲੋਕਾਂ ਨੂੰ ਸਮਝ ਆਈ ਕਿ ਜੇਕਰ ਪੰਜਾਬ ਦੇ ਖੇਤਾਂ ਤੱਕ ਪਾਣੀ ਨਹੀਂ ਪਹੁੰਚ ਸਕਦਾ ਤਾਂ ਇੰਨੀ ਦੂਰ ਮੋਏ ਪਿਤਰਾਂ ਤਕ ਪਾਣੀ ਕਿਵੇਂ ਪਹੁੰਚ ਸਕਦਾ ਹੈ? ਮੱਕੇ ਜਾ ਕੇ ਪੈਰ ਕਾਅਬੇ ਵੱਲ ਕੀਤੇ, ਇਹ ਸਮਝਾਉਣ ਲਈ ਕਿ ਅੱਲਾ ਤਾਂ ਹਰ ਪਾਸੇ ਮੌਜੂਦ ਹੈ। ਮਲਕ ਭਾਗੋ ਦੀ ਲੁੱਟ ਦੀ ਕਮਾਈ ਨਾਲ ਬਣੇ ਪਦਾਰਥਾਂ ਵੱਲ ਮੂੰਹ ਨਹੀਂ ਕੀਤਾ, ਇਹ ਦੱਸਣ ਲਈ ਕਿ ਹੱਕ ਦੀ ਕਮਾਈ ਭਾਈ ਲਾਲੋ ਵਾਂਗ ਕੀਤੀ ਜਾਣੀ ਚਾਹੀਦੀ ਹੈ। ਅਜਿਹੀਆਂ ਹੋਰ ਬਹੁਤ ਸਾਖੀਆਂ ਹਨ, ਜਿਨ੍ਹਾਂ ਤੋਂ ਗੁਰੂ ਜੀ ਦੇ ਉਪਦੇਸ਼ ਕਰਨ ਦੇ ਵਿਵਹਾਰਕ ਢੰਗ ਨੂੰ ਸਮਝਿਆ ਜਾ ਸਕਦਾ ਹੈ।

ਤੀਜਾ ਗੁਣ, ਜੋ ਗੁਰੂ ਜੀ ਦੇ ਉਪਦੇਸ਼ ਕਰਨ ਦੇ ਢੰਗ ਦਾ ਇਕ ਅਤਿ ਵਿਲੱਖਣ ਗੁਣ ਹੈ, ਉਹ ਹੈ ਬਾਣੀ ਅਤੇ ਰਾਗ ਦਾ ਸੁਮੇਲ। 'ਮਰਦਾਨਿਆ! ਛੇੜ ਰਬਾਬ' ਕਹਿ ਕੇ ਜਦੋਂ ਗੁਰੂ ਜੀ ਬਾਣੀ ਦਾ ਕੀਰਤਨ ਕਰਦੇ ਤਾਂ ਸੁਣਨ ਵਾਲਿਆਂ ਦੇ ਹਿਰਦਿਆਂ 'ਤੇ ਸਿੱਧਾ ਅਸਰ ਹੁੰਦਾ। ਬਾਣੀ ਰਾਹੀਂ ਆਪ ਜੀ ਨੇ ਰੱਬ ਦੀਆਂ ਅਤੇ ਜੀਵਨ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੀਆਂ ਗੱਲਾਂ ਕੀਤੀਆਂ। ਬਾਣੀ ਅਤੇ ਰਾਗ ਦੀ ਸ਼ਕਤੀਸ਼ਾਲੀ ਖਿੱਚ ਬਾਰੇ ਕਦੇ ਵੀ ਦੋ ਰਾਵਾਂ ਨਹੀਂ ਹੋ ਸਕਦੀਆਂ। ਅੱਜ ਦਾ ਵਿਗਿਆਨ ਸੰਗੀਤ ਰਾਹੀਂ ਮਨੋਵਿਗਿਆਨਕ ਤੌਰ 'ਤੇ ਮਨੁੱਖੀ ਸਰੀਰ ਅਤੇ ਮਨੁੱਖੀ ਮਨ ਨੂੰ ਸਿਹਤਮੰਦ ਬਣਾਉਣ ਦੇ ਸਿਧਾਂਤ ਨੂੰ ਮੰਨਦਾ ਹੈ। ਸੱਚਮੁਚ ਹੀ ਗੁਰੂ ਜੀ ਦੇ ਉਪਦੇਸ਼ ਕਰਨ ਦਾ ਢੰਗ ਰੂਹਾਂ ਦੇ ਧੁਰ ਅੰਦਰ ਲਹਿ ਜਾਣ ਦਾ ਢੰਗ ਸੀ। ਇਹ ਢੰਗ ਅੱਜ ਵੀ ਬਾਣੀ ਦੇ ਪਾਠ ਅਤੇ ਕੀਰਤਨ ਦੇ ਰੂਪ ਵਿਚ ਨਿਰੰਤਰ ਚੱਲ ਰਿਹਾ ਹੈ। ਗੁਰੂ ਜੀ ਨੇ ਆਪਣੀ ਬਾਣੀ ਰਚਣ ਤੋਂ ਇਲਾਵਾ ਆਪਣੇ ਤੋਂ ਪਹਿਲਾਂ ਹੋਏ ਭਗਤ ਸਾਹਿਬਾਨ ਦੀ ਚੋਣਵੀਂ ਬਾਣੀ ਨੂੰ ਵੀ ਆਪਣੇ ਪਾਸ ਇਕੱਠਾ ਕੀਤਾ। ਇਸ ਤਰ੍ਹਾਂ ਬਾਣੀ ਰਾਹੀਂ ਪ੍ਰਚਾਰ ਦੀ ਸਾਰਥਿਕਤਾ ਨੂੰ ਆਪ ਜੀ ਨੇ ਹੋਰ ਵੀ ਵਿਸ਼ਾਲ ਬਣਾ ਦਿੱਤਾ। ਇਸ ਪਹਿਲੂ ਤੋਂ ਗੁਰੂ ਜੀ ਨੇ ਇਕ ਮਹਾਨ ਖੋਜੀ ਦਾ ਕੰਮ ਕੀਤਾ।

ਚੌਥਾ ਗੁਣ ਗੁਰੂ ਜੀ ਵਲੋਂ ਕੀਤੇ ਗਏ ਪ੍ਰਚਾਰ ਵਿਚ ਵਿਚਾਰ-ਵਟਾਂਦਰੇ ਦਾ ਢੰਗ ਸੀ। ਇਹ ਇਕ ਖੋਜ ਦਾ ਢੰਗ ਸੀ। ਵਿਚਾਰ-ਵਟਾਂਦਰੇ ਦੀ ਅਹਿਮੀਅਤ ਨੂੰ ਭਗਤ ਕਬੀਰ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ:

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥<br>
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥(ਅੰਗ ੧੩੭੭)

ਕੁਝ ਸੁਣਨ ਅਤੇ ਕੁਝ ਕਹਿਣ ਦੀ ਪ੍ਰਕ੍ਰਿਆ ਸੱਚਮੁਚ ਹੀ ਬੜੀ ਚੰਗੀ ਹੈ ਜੇ ਕਰ ਇਹ ਬਹਿਸ-ਮੁਬਾਹਿਸੇ ਤੋਂ ਜਾਂ ਵਾਦ-ਵਿਵਾਦ ਤੋਂ ਰਹਿਤ ਹੋਵੇ ਅਤੇ ਇਸ ਵਿਚ ਉੱਚੀਆਂ ਕਦਰਾਂ ਕੀਮਤਾਂ ਅਰਥਾਤ ਰੂਹਾਨੀਅਤ ਦੀ ਗੱਲ ਹੋਵੇ। ਗੁਰੂ ਨਾਨਕ ਦੇਵ ਜੀ ਖੋਜੀ ਦੀ ਮਹੱਤਤਾ ਨੂੰ ਬਿਆਨ ਕਰਦੇ ਹੋਏ ਫ਼ੁਰਮਾਉਂਦੇ ਹਨ:

ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥<br>
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥( ਅੰਗ ੧੨੫੫)

ਗਿਆਨ-ਗੋਸ਼ਟ ਸੱਚ ਤਕ ਅੱਪੜਣ ਦਾ ਸਾਧਨ ਅਤੇ ਸਮੇਂ ਦੀ ਸਭ ਤੋਂ ਵੱਧ ਸੁਚੱਜੀ ਵਰਤੋਂ ਹੈ। ਗੁਰੂ ਜੀ ਦੇ ਉਪਦੇਸ਼ ਕਰਨ ਦੇ ਢੰਗ ਵਿਚ 'ਸਿਧ ਗੋਸਟਿ' ਬਾਣੀ ਆਪਣੇ ਆਪ ਵਿਚ ਇਕ ਸ਼ਾਨਦਾਰ ਉਦਾਹਰਣ ਹੈ। ਆਪ ਜੀ ਨੇ ਪ੍ਰਸ਼ਨ-ਉੱਤਰ ਅਤੇ ਦਲੀਲਮਈ ਵਾਰਤਾਲਾਪ ਰਾਹੀਂ ਸਿੱਧਾਂ, ਨਾਥਾਂ ਅਤੇ ਜੋਗੀਆਂ ਦੇ ਸ਼ੰਕੇ ਨਵਿਰਤ ਕੀਤੇ। ਵਾਰਤਾਲਾਪ ਦਾ ਇਹ ਢੰਗ ਗੁਰੂ ਜੀ ਨੇ ਕੁਰੂਖੇੜ ਦੇ ਪੰਡਤਾਂ ਨਾਲ, ਮੱਕੇ ਵਿਚ ਕਾਜੀਆਂ ਨਾਲ ਅਤੇ ਸੱਜਣ ਠੱਗ ਵਰਗੇ ਕੁਰਾਹੇ ਪਏ ਵਿਅਕਤੀਆਂ ਨਾਲ ਵੀ ਵਰਤੋਂ ਵਿਚ ਲਿਆਂਦਾ। ਹਰ ਥਾਂ ਗੁਰੂ ਜੀ ਦੀ ਦਲੀਲ ਇੰਨੀ ਪ੍ਰਭਾਵਸ਼ਾਲੀ ਹੁੰਦੀ ਸੀ ਕਿ ਸੁਣਨ ਵਾਲੇ ਸਭ ਕੀਲੇ ਜਾਂਦੇ ਸਨ।

ਪੰਜਵਾਂ ਗੁਣ, ਜੋ ਸਾਰੇ ਗੁਣਾਂ ਤੋਂ ਉੱਪਰ ਕਿਹਾ ਜਾ ਸਕਦਾ ਹੈ, ਉਹ ਸੀ ਗੁਰੂ ਜੀ ਵਲੋਂ ਆਪ ਇੱਕ ਮਿਸਾਲ ਬਣਨਾ। ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਕ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ਣਾ ਕੋਈ ਮਾੜੀ-ਮੋਟੀ ਘਟਨਾ ਨਹੀਂ ਸੀ।

ਆਪਣੇ ਜੀਵਨ ਦੀ ਇਸ ਅਦੁੱਤੀ ਇਤਿਹਾਸਕ ਘਟਨਾ ਰਾਹੀਂ ਗੁਰੂ ਜੀ ਨੇ ਅਮਲੀ ਅਰਥਾਂ ਵਿਚ ਸਾਨੂੰ ਸਭ ਨੂੰ ਸਮਝਾ ਦਿੱਤਾ ਕਿ ਰਿਸ਼ਤੇ, ਅਹੁਦੇ, ਧਨ-ਦੌਲਤ ਆਦਿ ਸਭ ਮਹੱਤਵ-ਹੀਣ ਹਨ; ਮਹੱਤਵ ਹੈ ਤਾਂ ਸੱਚੇ-ਸੁੱਚੇ ਅਤੇ ਸੇਵਾ-ਭਰਪੂਰ ਜੀਵਨ ਦਾ। ਕੀਮਤ ਹੈ ਗੁਣਾਂ ਦੀ ਅਤੇ ਕੇਵਲ ਗੁਣਾਂ ਦੀ ਹੈ; ਹੋਰ ਕਿਸੇ ਵੀ ਗੱਲ ਦੀ ਕੀਮਤ ਨਹੀਂ ਹੈ।

ਇਸ ਤੋਂ ਬਿਨਾਂ ਗੁਰੂ ਜੀ ਨੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਦੀਆਂ ਸਿੱਖਿਆਵਾਂ ਨੂੰ ਖ਼ੁਦ ਅਮਲੀ ਰੂਪ ਵਿਚ ਅਪਨਾਅ ਕੇ ਇਕ ਅਕਾਲਪੁਰਖ ਦੇ ਨਾਮ ਦਾ ਉਪਦੇਸ਼ ਦਿੱਤਾ। ਕਰਤਾਰਪੁਰ ਵਿਖੇ ਆਪਣੇ ਹੱਥੀਂ ਖੇਤੀ ਕੀਤੀ।

ਖੇਤੀ ਦੇ ਨਾਲ-ਨਾਲ ਧਰਮ ਦਾ ਪ੍ਰਚਾਰ ਜਾਰੀ ਰੱਖਿਆ। ਇਹੀ ਸਭ ਤੋਂ ਵੱਧ ਉੱਘੜਵਾਂ ਅਤੇ ਅਮਲੀ ਗੁਣ ਸੀ, ਜਿਸ ਸਦਕਾ ਗੁਰੂ ਜੀ ਦੇ ਉਪਦੇਸ਼ ਦਾ ਅਸਰ ਦੂਰ-ਦੂਰ ਤਕ ਅਤੇ ਭਾਰੀ ਗਿਣਤੀ ਵਿਚ ਲੋਕਾਂ 'ਤੇ ਪਿਆ। ਆਪ ਜੀ ਵਲੋਂ ਚਲਾਏ ਗਏ 'ਨਿਰਮਲ ਪੰਥ' ਨੂੰ ਮੰਨਣ ਵਾਲਿਆਂ ਦੀ ਗਿਣਤੀ ਆਉਣ ਵਾਲੇ ਸਮੇਂ ਵਿਚ ਵਧਦੀ ਹੀ ਗਈ।

**ਸੁਖਦੇਵ ਸਿੰਘ ਸ਼ਾਂਤ**

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਂ

ਗੁਰਬਚਨ ਸਿੰਘ ਤਾਲਿਬ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰੀ ਰਾਜਸੀ ਅਦਲ-ਬਦਲ ਹੋਇਆ ।ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਹਾਰ ਗਿਆ ਤੇ ਮੁਗ਼ਲ ਬਾਬਰ ਬਾਦਸ਼ਾਹ ਬਣ ਗਿਆ ।

ਬਾਬਰ ਦੇ ਹੱਲੇ ਨਾਲ ਪੰਜਾਬ ਉਪਰ ਭਾਰੀ ਕਹਿਰ ਵਰਤਿਆ।ਅਨੇਕਾਂ ਜੀਵ ਮਾਰੇ ਗਏ, ਲੁੱਟ ਮਾਰ ਹੋਈ, ਇਸਤਰੀਆਂ ਦੀ ਬੇਪਤੀ ਦੇ ਦ੍ਰਿਸ਼ ਤੱਕਣ ਵਿਚ ਆਏ ।ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਇਸ ਦੁਰਦਸ਼ਾ ਨੂੰ ਦਰਦਮੰਦ ਹਿਰਦੇ ਨਾਲ ਅਨੁਭਵ ਕੀਤਾ, ਅਤੇ ਹਿੰਦੁਸਤਾਨ ਦਾ ਦੁੱਖ ਤੱਕ ਕੇ ਉਸ ਨੂੰ ਕਰੁਣਾਮਈ ਸ਼ਬਦਾਂ ਵਿਚ ਪ੍ਰਗਟਾਇਆ ।

ਇਹ ਵੀ ਗੁਰੂ ਨਾਨਕ ਦੇਵ ਜੀ ਦੀ ਅਲੌਕਿਕ ਪ੍ਰਤਿਭਾ ਸ਼ਕਤੀ ਦੀ ਲਖਾਇਕ ਘਟਨਾ ਹੈ । ਧਾਰਮਿਕ ਗੁਰੂ ਪੀਰ ਆਮ ਕਰਕੇ ਜੋ ਕੁਝ ਰਾਜ ਕਾਰਜ ਦੇ ਖੇਤਰ ਵਿਚ ਵਰਤਦਾ ਸੀ ਉਸ ਤੋਂ ਅਲਗ ਅਲਗ ਰਹਿੰਦੇ ਸਨ ।ਪਰ ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕਰਾਇਆ ਕਿ ਧਰਮ ਨਿਰੋਲ ਵਿਅਕਤੀਗਤ ਗਿਆਨ ਧਿਆਨ ਨਹੀਂ ।ਧਰਮ ਮਨੁੱਖ ਦੇ ਦੁੱਖ ਪਾਪ ਨੂੰ ਨਵਿਰਤ ਕਰਨ ਦਾ ਸਾਧਨ ਹੈ।ਜੇ ਇਹ ਦੁੱਖ ਲੱਖਾਂ ਮਨੁੱਖਾਂ ਨੂੰ ਸੰਤਾਪੇ, ਤਾਂ ਇਸ ਤੋਂ ਅੱਖਾਂ ਮੀਟਣਾ ਪਾਪ ਹੈ।ਸੋ ਗੁਰੂ ਜੀ ਨੇ ਬਾਬਰ ਦੇ ਜਬਰ ਵਿਰੁੱਧ ਆਵਾਜ਼ ਉਠਾਈ।ਇਸ ਅਤਿਆਚਾਰ ਨੂੰ ਖ਼ੂਨੀ ਸਾਕਾ ਆਖ ਕੇ ਦੇਸ਼ ਦੇ ਲੋਕਾਂ ਨੂੰ ਵੰਗਾਰਿਆ।ਨਾਲ ਹੀ ਉਨ੍ਹਾਂ ਇਹ ਵੀ ਪ੍ਰੇਰਣਾ ਕੀਤੀ ਕਿ ਜੋ ਕੌਮ ਨੇਕੀ ਨੂੰ ਭੁਲ ਜਾਂਦੀ ਹੈ, ਉਸ ਦੀ ਦੁਰਦਸ਼ਾ ਹੋਣੀ ਆਵੱਸ਼ਕ ਹੈ ।ਸੋ ਨੇਕੀ ਭਗਤੀ ਦਾ ਪੱਖ ਹੀ ਹੈ ਜਿਸ ਨਾਲ ਲੋਕ ਸੂਰਮੇ ਅਤੇ ਜੋਧੇ ਬਣ ਕੇ ਬਾਬਰ ਜਿਹੇ ਜਾਬਰਾਂ ਦਾ ਮੁਕਾਬਲਾ ਕਰ ਸਕਦੇ ਹਨ।ਜੇ ਭਾਰਤਵਾਸੀ ਇਹ ਨਾ ਸਿਖਣ ਤਾਂ ਮੁੜ ਮੁੜ ਦੁੱਖੀ ਹੋਣਗੇ, ਉਨ੍ਹਾਂ ਦੇ ਸਰੀਰ ਟੁਕੜੇ ਟੁਕੜੇ ਕੀਤੇ ਜਾਣਗੇ, 'ਕਾਇਆ ਕਪੜ ਟੁਕ ਟੁਕ ਹੋਸੀ'।

ਗੁਰੂ ਜੀ ਆਪਣੇ ਅੰਤਲੇ ਵਰ੍ਹਿਆਂ ਵਿਚ ਰਾਵੀ ਦੇ ਕੰਢੇ ਆ ਰਹੇ, ਕਰਤਾਰਪੁਰ ਦੀ ਬਸਤੀ ਵਸਾਈ, ਜਿਸ ਦੇ ਸਨਮੁਖ ਹੁਣ ਡੇਰਾ ਬਾਬਾ ਨਾਨਕ ਦਾ ਨਗਰ ਹੈ।ਇਥੇ ਕੁਝ ਜ਼ਮੀਨ ਲੈ ਕੇ ਵਾਹੀ ਕਰਵਾਈ ।ਗਿਆਨ ਉਪਦੇਸ਼ ਕੀਰਤਨ ਦਾ ਪ੍ਰਵਾਹ ਜਾਰੀ ਰਹਿੰਦਾ, ਅਤਿਥੀਆਂ ਦੀ ਸੇਵਾ ਲਈ ਲੰਗਰ ਵਰਤਦਾ ।ਦੂਰੋਂ ਦੂਰੋਂ ਲੋਕੀਂ ਉਨ੍ਹਾਂ ਦੇ ਦਰਸ਼ਨ ਹਿਤ ਆਉਂਦੇ ਅਤੇ ਆਪਣਾ ਜਨਮ ਸਵਾਰਨ ਦੇ ਰਾਹ ਉਪਰ ਪੈਂਦੇ।ਗੁਰੂ ਜੀ ਕਿਰਤ ਕਰਨ ਦਾ ਉਪਦੇਸ਼ ਦਿੰਦੇ ਸਨ, ਭਿਖਿਆ ਜਾਂ ਦਾਨ ਗ੍ਰਹਿਣ ਨੂੰ ਚੰਗਾ ਨਹੀਂ ਸਨ ਸਮਝਦੇ।ਸੋ ਇੰਜ ਸੰਤੋਖ ਨਾਲ ਆਪਣਾ ਅਤੇ ਆਪਣੇ ਸੰਬੰਧੀਆਂ ਸੇਵਕਾਂ ਦਾ ਜੀਵਨ ਪ੍ਰਬੰਧ ਕਰਦੇ ਸਨ ।ਅੰਤ ਸੱਤਰ ਸਾਲ ਦੀ ਆਯੂ ਬਿਤਾ ਕੇ ਅੱਸੂ ਸੁਦੀ ਦਸਵੀਂ 1596 ਬਿਕਰਮੀ (ਸੰਨ 1539) ਨੂੰ ਜੋਤੀ ਜੋਤਿ ਸਮਾਏ ।ਇਸ ਤੋਂ ਕੁਝ ਦਿਨ ਪਹਿਲਾਂ ਆਪਣੇ ਸ਼ਿਸ਼ ਅਤੇ ਸੱਚੇ ਪ੍ਰਭੂ ਭਗਤ ਭਾਈ ਲਹਿਣੇ ਨੂੰ ਗੁਰੂ ਅੰਗਦ ਦੀ ਪਦਵੀ ਦਿੱਤੀ ਜੋ ਇਨ੍ਹਾਂ ਪਿਛੋਂ ਇਨ੍ਹਾਂ ਦੇ ਉਤਰਾਧਿਕਾਰੀ ਹੋਏ।ਗੁਰੂ ਨਾਨਕ ਦੇਵ ਦਿਆਂ ਪੁੱਤਰਾਂ ਨੇ ਗੁਰੂ ਗੱਦੀ ਦੀ ਮੰਗ ਕੀਤੀ, ਪਰ ਗੁਰੂ ਜੀ ਇਸ ਪਵਿੱਤਰ ਗੱਦੀ ਨੂੰ ਕੁਲ ਜਾਂ ਵੰਸ਼ ਦੀ ਨਹੀਂ ਸਰਵ ਸੰਸਾਰ ਦੀ ਜਾਣ ਕੇ ਜਿਸ ਨੂੰ ਸਭ ਤੋਂ ਉੱਤਮ ਜਾਤਾ ਉਸੇ ਨੂੰ ਇਸ ਉਪਰ ਬਿਠਾ ਗਏ ।

ਗੁਰੂ ਨਾਨਕ ਦੇਵ ਜੀ ਭਾਰਤ ਦੇ ਮਹਾਨ ਗਿਆਨਦਾਤਾ, ਪੱਥ-ਪ੍ਰਦਰਸ਼ਕ ਅਤੇ ਉਨ੍ਹਾਂ ਉੱਚੇ ਭਾਵਾਂ ਦੇ ਸੋਮੇ ਸਨ ਜਿਨ੍ਹਾਂ ਦੀ ਲੋੜ ਅਸੀਂ ਇਸ ਜੁਗ ਵਿਚ ਅਨੁਭਵ ਕਰਦੇ ਹਾਂ ਜਦ ਕਿ ਇਸ ਦੇਸ਼ ਦੀ ਜਨਤਾ ਵਿਰੋਧਾਂ ਭਰਮਾਂ ਅਤੇ ਨੀਵੇਂ ਵਿਚਾਰਾਂ ਵਿਚ ਗ੍ਰਸੀ ਹੋਈ ਹੈ।ਇਸ ਕਰਕੇ ਹਰ ਸਮੇਂ ਸਾਨੂੰ ਅਨੁਭਵ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਉਪਰ ਚੱਲ ਕੇ ਸਾਡਾ ਦੇਸ਼ ਆਪਣੇ ਸੰਕਟਾਂ ਨੂੰ ਦੂਰ ਕਰ ਸਕਦਾ ਹੈ।

ਬੱਚਿਆਂ ਲਈ ਵਿਸ਼ੇਸ਼

# ਸ੍ਰੀ ਗੁਰੂ ਨਾਨਕ ਦੇਵ ਜੀ ਤੇ ਜਨੇਊ ਦੀ ਰਸਮ



ਸ੍ਰੀ ਗੁਰੂ ਨਾਨਕ ਦੇਵ ਜੀ ਜਦ ਨੌਂ ਕੁ ਸਾਲ ਦੇ ਹੋਏ, ਤਦ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਨੇ ਸੋਚਿਆ ਕਿ ਉਹ ਆਪਣੇ ਪੁੱਤਰ ਨੂੰ ਜਨੇਊ ਪਵਾ ਦੇਣ।ਉਨ੍ਹਾਂ ਨੇ ਤਲਵੰਡੀ ਦੇ ਬ੍ਰਾਹਮਣ ਪੰਡਿਤ ਹਰਦਿਆਲ ਨੂੰ ਸੱਦਿਆ।ਆਪਣੇ ਸਾਕ-ਸੰਬੰਧੀ ਵੀ ਬੁਲਾਏ।ਸੱਜਣਾਂ ਮਿਤਰਾਂ ਨੂੰ ਵੀ ਆਉਣ ਲਈ ਆਖਿਆ।ਜਦ ਸਭ ਤਿਆਰੀ ਹੋ ਗਈ ਤਾਂ ਪੰਡਿਤ ਜੀ ਨੇ ਸੂਤ ਨੂੰ ਵੱਟ ਕੇ ਜਨੇਊ ਬਣਾ ਲਿਆ ਅਤੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਗਲ ਵਿਚ ਪਾਉਣ ਲਗੇ ਤਾਂ ਗੁਰੂ ਸਾਹਿਬ ਨੇ ਪੁਛਿਆ: 'ਤੁਸੀਂ ਇਹ ਕੀ ਕਰਨ ਲੱਗੇ ਹੋ ?'

ਪੰਡਿਤ ਜੀ ਨੇ ਆਖਿਆ :

'ਮੈਂ ਤੁਹਾਨੂੰ ਜਨੇਊ ਪਾਉਣ ਲੱਗਾ ਹਾਂ।ਇਹ ਗਲ ਵਿਚ ਪਾ ਕੇ ਤੁਸੀਂ ਪੱਕੇ ਹਿੰਦੂ ਬਣ ਜਾਓਗੇ।'

ਗੁਰੂ ਜੀ ਨੇ ਪੰਡਿਤ ਜੀ ਨੂੰ ਕਿਹਾ : 'ਰੁਕ ਜਾਓ! ਮੈਨੂੰ ਇਹ ਦੱਸੋ ਕਿ ਜੇ ਇਹ ਨਾ ਪਾਈਏ ਤਾਂ ਕੀ ਹੁੰਦਾ ਹੈ ?'

ਪੰਡਿਤ ਜੀ ਨੇ ਉੱਤਰ ਦਿਤਾ : 'ਜਨੇਊ ਗਲ ਵਿਚ ਨਾ ਹੋਵੇ ਤਾਂ ਤੁਸੀਂ ਚੰਗੇ ਤੇ ਸੁੱਚੇ ਨਹੀਂ ਹੋਵੋਗੇ।ਤੁਸੀਂ ਫਿਰ ਸਾਡੇ ਚੌਂਕੇ ਵਿਚ ਨਹੀਂ ਆ ਸਕੋਗੇ।'

ਫਿਰ ਗੁਰੂ ਜੀ ਨੇ ਜੋ ਆਖਿਆ ਉਹ ਪੰਡਿਤ ਜੀ ਨੇ ਵੀ ਸੁਣਿਆ ਤੇ ਉਥੇ ਆਏ ਲੋਕਾਂ ਨੇ ਭੀ ਸੁਣਿਆ।ਆਪ ਨੇ ਕਿਹਾ : 'ਚੰਗਾ ਆਦਮੀ ਤਾਂ ਉਹ ਹੁੰਦਾ ਹੈ ਜੋ ਚੰਗੇ ਕੰਮ ਕਰੇ । ਸੁੱਚਾ ਇਹ ਹੈ ਜਿਸ ਦੇ ਮਨ ਵਿਚ ਪਰਮਾਤਮਾ ਦਾ ਨਾਮ ਹੈ।ਫਿਰ ਜਨੇਊ ਪਾ ਕੇ ਕੋਈ ਕਿਵੇਂ ਚੰਗਾ ਤੇ ਸੁੱਚਾ ਬਣ ਜਾਂਦਾ ਹੈ ?'

ਪੰਡਿਤ ਹਰਦਿਆਲ ਜੀ ਸੋਚੀਂ ਪੈ ਗਏ ਕਿ ਗੁਰੂ ਜੀ ਨੂੰ ਕਿਵੇਂ ਸਮਝਾਇਆ ਜਾਏ ? ਇਰਦ-ਗਿਰਦ ਇਕੱਠੇ ਹੋਏ ਸਾਕ-ਸੰਬੰਧੀ ਤੇ ਹੋਰ ਲੋਕੀਂ ਵੀ ਹੈਰਾਨ ਸਨ।ਇਕ ਦੋ ਨੇ ਤਾਂ ਇਹ ਭੀ ਕਿਹਾ ਕਿ 'ਮਹਿਤਾ ਕਾਲੂ ਦਾ ਪੁਤ ਹੈ ਤਾਂ ਨੌਂ ਸਾਲ ਦਾ ਪਰ ਗੱਲਾਂ ਬੜੇ ਪਤੇ ਦੀਆਂ ਕਰਦਾ ਹੈ।ਵੇਖੋ! ਪੰਡਿਤ ਜੀ ਨਿਰੁਤਰ ਹੋ ਗਏ ਹਨ!'

ਸਤਿਗੁਰੂ ਜੀ ਨੇ ਇਸ ਸੰਬੰਧੀ ਇਹ ਸ਼ਬਦ ਉਚਾਰਨ ਕੀਤਾ :

'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।।' (ਅੰਗ ੪੭੧)

ਕੋਲੋਂ ਕਿਸੇ ਬਜ਼ੁਰਗ ਨੇ ਪੁੱਛਿਆ 'ਇਸ ਦਾ ਕੀ ਭਾਵ ਹੈ ?'

ਤਾਂ ਗੁਰੂ ਜੀ ਨੇ ਕਿਹਾ ਕਿ, 'ਮੈਂ ਤਾਂ ਇਹ ਆਖਿਆ ਹੈ ਕਿ ਹੇ ਪੰਡਿਤ ਜੀ ! ਜੇ ਆਪ ਪਾਸ ਐਸਾ ਜਨੇਊ ਹੈ ਜੋ ਹਮੇਸ਼ਾ ਨਾਲ ਰਹੇ, ਤਾਂ ਬੇਸ਼ੱਕ ਪਾ ਦਿਉ।ਇਹ ਜਨੇਊ ਐਸਾ ਹੋਵੇ, ਜਿਸ ਦੀ ਕਪਾਹ (ਜਿਸ ਤੋਂ ਸੂਤ ਬਣਦਾ ਹੈ) ਦਇਆ ਦੀ ਹੋਵੇ, ਜਿਸ ਦਾ ਸੂਤ ਸੰਤੋਖ ਦਾ ਹੋਵੇ, ਜਿਸ ਦੀਆਂ ਗੰਢਾਂ ਜਤ ਦੀਆਂ ਹੋਣ ਅਤੇ ਜਿਸ ਦਾ ਵਟ ਉੱਚਾ ਆਚਰਣ ਹੋਵੇ।' ਗੁਰੂ ਜੀ ਨੇ ਅਗੇ ਕਿਹਾ, 'ਇਹੋ ਜਿਹਾ ਜਨੇਊ ਨਾ ਟੁੱਟੇਗਾ, ਨਾ ਹੀ ਇਸ ਨੂੰ ਕੋਈ ਮੈਲ ਲਗੇਗੀ, ਨਾ ਇਹ ਸੜ ਸਕੇਗਾ ਅਤੇ ਨਾ ਹੀ ਇਹ ਗੁਆਚੇਗਾ।'

ਸਤਿਗੁਰੂ ਜੀ ਨੇ ਇਹ ਭੀ ਸਮਝਾਇਆ, 'ਉਹ ਮਨੁੱਖ ਬੜੇ ਚੰਗੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਐਸਾ ਜਨੇਊ ਆਪਣੇ ਗਲ ਵਿਚ ਪਾਇਆ ਹੈ।' ਫਿਰ ਗੁਰੂ ਜੀ ਨੇ ਸਭ ਨੂੰ ਸੰਬੋਧਨ ਕਰ ਕੇ ਆਖਿਆ, 'ਜਦ ਬੰਦਾ ਮਰ ਜਾਂਦਾ ਹੈ, ਮਿਰਤਕ ਦਾ ਸਸਕਾਰ ਕਰ ਦਈਦਾ ਹੈ, ਸੂਤ ਦਾ ਇਹ ਜਨੇਊ ਵੀ ਨਾਲ ਹੀ ਸੜ ਜਾਂਦਾ ਹੈ—ਨਾਲ ਤਾਂ ਜਾਂਦਾ ਨਹੀਂ।'

ਪੰਡਿਤ ਜੀ ਅਤੇ ਹੋਰ ਉਥੇ ਆਏ ਲੋਕਾਂ ਨੇ ਗੁਰੂ ਜੀ ਦੀ ਇਸ ਗੱਲ ਨੂੰ ਸਮਝ ਕੇ ਮੰਨ ਲਿਆ।ਇੰਜ ਗੁਰੂ ਸਾਹਿਬ ਨੇ ਜਨੇਊ ਨਾ ਪਾਇਆ।

ਮਹਿਤਾ ਕਾਲੂ ਜੀ ਨੇ ਆਏ ਸਾਕ-ਸੰਬੰਧੀਆਂ ਦਾ ਧੰਨਵਾਦ ਕੀਤਾ ਅਤੇ ਉਹ ਆਪੋ ਆਪਣੇ ਘਰਾਂ ਨੂੰ ਚਲੇ ਗਏ।

ਪ੍ਰਿੰ. ਪ੍ਰਕਾਸ਼ ਸਿੰਘ

# "गुरु नानक सभ के सिरताजा"

डॉ . सरूप सिंघ

श्री गुरु नानक देव जी का धरती पर आना अर्थात् जन्म लेना विश्व के धार्मिक इतिहास में एक महत्त्वपूर्ण घटना मानी जाती है, क्योंकि इस प्रकाश पुंज ने संसार में जिन सिद्धांतों, रीति-रिवाजों, उसूलों तथा औपचारिकताओं का प्रचार किया, वे समूचे मानव समाज के कल्याण के साथ जुड़ी हुई हैं। गुरु साहिब ने अपनी मीठी बाणी के द्वारा और प्यार भरे शब्दों से लोगों के मन को निर्मल और स्वच्छ किया। यह भी कहा जा सकता है कि उनका सर्व मानवीय मिशन एक सुंदर फूल की तरह संसार में खिला, जिसने अपनी मनमोहक सुगंध के द्वारा सारे वातावरण को सुगंधित बनाकर रख दिया। उन्होंने अपनी अलौकिक बाणी द्वारा दलीलें (तर्क) देकर जनता को अंधविश्वास, भ्रमजाल आदि के कुप्रभावों से जागरूक करते हुए मात्र एक परमात्मा की पूजा करने का उपदेश दिया। एक ओर तो मनुष्य का सम्बंध अकाल पुरख के साथ जोड़ा, दूसरी ओर समाज में बराबरी के आधार पर समानता और एकता लाने का उपदेश देकर मानव समाज में एक मनुष्य को दूसरे मनुष्य के करीब लाने के लिए ठोस प्रयत्न किए, ताकि समाज में बिना किसी भेदभाव के भाईचारे की भावना पैदा हो जाये तथा आपसी स्नेह और भी बढ़ता रहे। सबसे अधिक इस भावना की उस समय आवश्यकता इसलिए भी थी क्योंकि उस समय समाज में धर्मकी मूल भावना लुप्त हो चुकी थी : कलि काती राजे कासाई धरमु पंख करि उड़रिआ ॥कूड़ु अमावस सचु चंद्रमा दीसै नाही कह चड़िआ ॥(पन्ना १४५)बाबर के आक्रमण के समय जो अत्याचार हुए उन्होंने मानवीय जीवन को खौफनाक ढंग में बदलकर पशु जीवन में बदल दिया। प्रशासनिक लोग जनसाधारण से घूस लेकर उनके अधिकारों को नष्ट करने में तनिक भी नहीं झिझकते थे। यही नहीं, जात-पात में बंटे लोग कई प्रकार की ज्यादतियों का शिकार हो रहे थे। हर ओर जुल्म, अत्याचार और अन्याय के प्रहार होना एक साधारण-सी बात समझी जाने लगी थी। ऐसे घिनौने और डरावने वातावरण की पृष्ठभूमि में किसी पूर्ण मनुष्य की ओर से कौम को दोबारा जीवित करना, उसके मनोबल को कायम करना, बेहतरीन मानव-मूल्यों को जनसमूह में संचित करके मनुष्य-मात्र को धर्म की छत्र-छाया में लाना एक ऐसा कारनामा था, जिसे पूरा करना खाला जी का वाड़ा नहीं था, परंतु बलिहारे जायें श्री गुरु नानक देव जी पर, जिन्होंने यह बीड़ा उठाया और इसमें हैरानकुन सफलता प्राप्त की। उन्होंने सबको बांटकर खाना, धर्म की कमाई करना, परिश्रम करना, नाम का जाप करना और सबका भला मांगना आदि उपदेश ही नहीं दिये, बल्कि स्वयं इन बातों का आचरण कर एक आदर्श कायम करके दिखाया। जात-पात के अहंकार से भरे लोगों को चेतावनी दी कि इस बात का कोई महत्त्व नहीं कि तुम 'उच्च जाति' या 'ऊंचे खानदान' में पैदा हुए हो, फैसला तो तुम्हारे किये कामों के अनुसार ही होगा :सा जाति सा पति है जेहे करम कमाइ ॥ जनम मरन दुखु काटीऐ नानक छूटसि नाइ ॥(पन्ना १३३०)गुरु जी ने समझाया है कि धन प्राप्त करने के लिए मनुष्य घटिया हरकतों तक आ जाता है; इखलाक, सदाचार और धार्मिक उपदेशों को ताक पर रखकर धन प्राप्ति हेतु नीच हथकंडे अपनाता है, जबकि यह धन साथ नहीं जाता, यहीं धरा रह जाता है :इसु जर कारणि धणी विगुती इनि जर घणी खुआई ॥पापा बाझहु होवै नाही मुइआ साथि न जाई ॥(पन्ना ४१७)मनुष्य द्वारा की गई कमाई नेक तौर पर किये परिश्रम और सच्चाईपूर्ण व्यवहार पर निर्भर करती है। ऐसी कमाई में से फिर बांटकर खाना है, ताकि कोई भूखा न रहे :घालि खाइ किछु हथहु देइ॥नानक राहु पछाणहि सेइ॥(पन्ना १२४५)धन-प्राप्ति के काम में लूट-खसूट तथा दूसरों के अधिकारों को निगल जाने और उनसे दूर रहने के लिए सख़्त चेतावनी देते हुए गुरुजी ने फरमाया है :हकु पराइआ नानका उसु सूअर उसु गाइ ॥ गुरु पीरु हामा ता भरे जा मुरदारु न खाइ ॥(पन्ना १४१)श्री गुरु नानक देव जी का उपदेश किसी एक ही जाति, धर्म के लिए नहीं बल्कि हिंदू-मुसलमान सबके लिए है। वे हिंदुओं को अच्छा हिंदू बनने के लिए और मुसलमानों को अपने विश्वास के अनुसार जीवन व्यतीत करने का संदेश देते हैं। मक्का के हाजियों द्वारा यह पूछने पर कि हिंदू अच्छे हैं या मुसलमान, तो आपने फरमाया :बाबा आखे हाजीआ सुभि अमला बाझहु दोनो रोई। हिंदू मुसलमान दुइ दरगह अंदरि लहनि न ढोई।(वार १:३३)उनकी दृष्टि में अकाल पुरख को प्राप्त करने के लिए मानव-व्यवहार का शुद्ध होना जरूरी है। सच्चाई का मेल सच्चाई से ही हो सकता है। सदाचार, शुभ कर्म अच्छे मानवीय जीवन की मुख्य आवश्यकताएं हैं। इस विषय पर गुरु जी ने फरमाया है-- "सचहु ओरै सभु को उपरि सचु आचारु॥"असलियत यह है कि श्री गुरु नानक देव जी का मार्ग सच्चाई का मार्ग है, प्रेम का मार्ग है। आचार में सच्चाई, व्यवहार में सच्चाई, सदाचार में सच्चाई, किरदार में सच्चाई, इंसाफ में सच्चाई वार्तालाप में सच्चाई, राजनीति में सच्चाई, तात्पर्य यह कि सच्चाई के बिना सब कार्य फोकट अथवा अधूरे होते हैं। उन्होंने सच बोलना और सच पर आधारित जीवन-यापन का तरीका स्वयं सच्चा जीवन व्यतीत करके बताया, भले ही ऐसा करने से मलिक भागो नाराज़ हुआ या बाबर गुस्से हुआ। सच के साथ सुमेल करके जीवन की तलखिओं और बुराइयों को गहरी चोट मारी है और उनमें से मूल गुणों के सुमेल वाले जीवन-सिद्धांत के कारण ऐसे मनुष्य का निर्माण आरंभ हो गया जिसे श्री गुरु गोबिंद सिंघ जी के समय पूर्णता प्राप्त हुई।श्री गुरु नानक देव जी ने जीवन के हर पहलू पर लामिसाल प्रवचन हमारे समक्ष रखकर मानव जीवन को इखलाकी तौर पर मालामाल । कर दिया। जीवन में सदियों से फैले भ्रमों, गलत । रीति-रिवाजों, व्यर्थ के कर्मकांडों को दूर करने । के लिए उन्होंने इंकलाबी कार्य किये। अपने । विचारों को लोगों तक पहुंचाने के लिए 'प्रेम' । और 'नाम' की महिमा का संदेश देने के लिए उन्होंने लंबी-लंबी प्रचार यात्राएं कीं, भिन्न-भिन्न धर्मों के तीर्थ स्थानों पर गये, बड़े-बड़े ऋषियों-मुनियों के साथ विचार-विमर्श करके उन्हें अपने विचारों के साथ सहमत किया। उन्होंने मनुष्य-मात्र को समझाया कि यह संसार सच्चे प्रभु की धर्मशाला है, जिसमें मनुष्य को कर्मयोगी की भूमिका निभाने के लिए भेजा गया है, अतः अपने कर्त्तव्य और मूल की पहचान करके अपने मूल स्रोत के साथ एक होने के लिए नेक कमाई करते हुए सेवा और प्रभु का नाम जपने का कर्म करो। सुच्चे मोतियों जैसे अपने अनमोल विचारों को सरल भाषा में लोगों तक पहुंचाने के लिए उन्होंने दो साथी-- भाई मरदाना जी और भाई बाला जी अपने साथ रखे।संक्षेप में कहा जा सकता है श्री गुरु नानक देव जी के संसार में आने से मानवता को अच्छा जीवन व्यतीत करने का ढंग आया, क्योंकि उन्होंने मानवीय जीवन के हर क्षेत्र को अपनी अद्वितीय विचारधारा, व्यवहारिक शिक्षा, लाभदायक उपदेशऔर आध्यात्मिक दौलत सेभरपूर किया। यही कारण है कि उनके पवित्र वचन धर्मों और जातियों की सीमाओं को पार करके हर मनुष्य के मन पर प्रभाव डालने वाले बन गये। गुरु साहिब के लामिसाल जीवन-सिद्धांतों को भली प्रकार समझकर ही एक प्रसिद्ध शायर सर इकबाल ने उनके बारे में एक लंबी कविता लिखकर उनके प्रति अपना सत्कार प्रकट किया है। कविता का अंतिम पद इस प्रकार है : फिर उठी आखिर सदा तौहीद की पंजाब से। हिंद को एक मर्द-ए-कामिल ने जगाया ख़्वाब से।श्री गुरु नानक देव जी की सारी अलौकिक बाणी श्री गुरु ग्रंथ साहिब में शोभायमान है, जो भिन्न-भिन्न रागों में दर्ज है। गुरु जी की बाणी असंख्य प्राणियों को मन की गरीबी, अहंकार की निवृत्ति, बुद्धि व्यवहार की स्वच्छता और मन की एकाग्रता निवाजती हुई आत्मिक शांति और आनंद प्रदान करके उनको अकाल पुरख के साथ जोड़ती है :"गुरु नानक सभ के सिरताजा। जिस सिमरे सरे सभ काजा।"

# Let Us Walk in the Light of Guru Nanak Dev Ji's Teachings

**Gurpreet Singh Editor, Khalsa Akhbaar**

The sacred day of Guru Nanak Dev Ji's Prakash Purab-his birth anniversary shines as a beacon of light and hope for the entire Sikh community, and indeed, for all humanity. This day is not merely a remembrance of the first Guru of Sikhism; it is a celebration of the eternal light of truth, humility, and love that Guru Nanak Dev Ji brought into the world through his divine life and teachings.

The Birth and Early Life of Guru Nanak Dev Ji Guru Nanak Dev Ji was born in 1469 CE at Talwandi (now Nankana Sahib, in present-day Pakistan). His father, Mehta Kalu Ji, and mother, Mata Tripta Ji, were deeply respected members of their community. From his earliest years, Guru Ji radiated divine wisdom and spiritual awareness. While other children played, young Nanak would sit in contemplation of God, reflecting on the mysteries of creation and the true purpose of human life.Guru Ji rejected all divisions based on religion, caste, or creed. For him, the entire universe was the creation of one Supreme Being. It is this truth that resounds in his foundational teaching — "Ik Onkar", meaning There is but One God, the Eternal and Omnipresent Creator. Guru Ji's Timeless Teachings and Philosophy of Life Guru Nanak Dev Ji's message for humanity rests upon three guiding principles, each serving as a pillar of spiritual and moral living:

1. Naam Japo (Meditate on God's Name):Guru Ji taught that one should remember and meditate on God's Name at all times. Through Naam Simran, the soul attains peace and purity, rising above ego, greed, and attachment.
2. Kirat Karo (Earn Honestly): Guru Ji emphasized honest labor and integrity in one's livelihood. Wealth gained through deceit or exploitation, he said, can never bring peace of mind or spiritual fulfillment.
3.Vand Chhako (Share with Others):Whatever we receive from the Divine must be shared with others. This spirit of sharing is not merely an act of charity it is a sacred duty of humanity.These three principles form the foundation of a righteous and compassionate life, as relevant today as they were over five centuries ago. Guru Ji's Journeys (Udasis) Guru Nanak Dev Ji devoted his life to the service of humanity. He embarked upon four great spiritual journeys, known as Udasis, covering nearly 40,000 kilometers across India, Arabia, Tibet, China, and beyond. Wherever he went, he spread the universal message of truth, equality, and divine love.He reminded the world that no religion should divide humankind. In every land, he challenged superstition and ritualism, guiding people toward a life of simplicity, righteousness, and devotion. His divine composition, Japji Sahib, beautifully expresses these universal truths and remains a cornerstone of Sikh philosophy.

The Message of EqualityGuru Nanak Dev Ji fearlessly raised his voice against social inequality, caste divisions, and the oppression of women. He declared:

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ||"

"How can we call her inferior, who gives birth to kings?"Guru Ji taught that before the Creator, no one is high or low all are equal expressions of the same Divine Light. The Institution of LangarOne of Guru Nanak Dev Ji's most revolutionary contributions was the establishment of Langar the community kitchen where all, regardless of caste, creed, or social standing, sit together to share a meal.Langar is far more than food; it is a living expression of equality, humility, and brotherhood. It reminds us that service (seva) and sharing are the true paths to spiritual realization. Guru Nanak Dev Ji's Message for the Modern WorldThough we live in an age of remarkable scientific progress, humanity today faces grave moral and spiritual crises greed, intolerance, violence, and environmental destruction. These challenges stem from our disconnection from compassion, ethics, and the awareness of divine unity.Guru Nanak Dev Ji's message offers the remedy. His teachings of Naam Japo, Kirat Karo, and Vand Chhako provide a universal framework for peace, harmony, and balance — guiding us toward a world rooted in truth and love. Guru Ji's Divine Bani — The Path of PeaceGuru Ji's divine Bani (sacred hymns) are enshrined eternally in Sri Guru Granth Sahib Ji, the eternal Guru of the Sikhs. His words remind us that true religion is not confined to any temple, mosque, or ritual; true religion awakens love, compassion, and humility within the human heart.Guru Ji declared:

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ||"

Truth is above all, but higher still is truthful living." The True Meaning of Prakash PurabCelebrating Guru Nanak Dev Ji's Prakash Purab is not limited to lighting lamps or singing hymns; it is about dispelling the inner darkness of ignorance and awakening the light of truth within ourselves.When we live with humility, integrity, and a spirit of selfless service, we truly honor the legacy and light of Guru Nanak Dev Ji. A Prayer and a Pledge Let us all offer a heartfelt prayer that the divine light of Guru Nanak Dev Ji continues to guide and inspire us — leading us on the path of truth, compassion, and inner peace.

"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ||"

Through Nanak, may the Divine Name uplift our spirits, and may everyone prosper under God's will." On this sacred Prakash Purab, let us embrace Guru Ji's divine teachings in our daily lives to live truthfully, act with love, serve selflessly, and see the Divine Light shining within every human being.Heartfelt greetings on Guru Nanak Dev Ji's Prakash Purab!

**Waheguru Ji Ka Khalsa, Waheguru Ji Ki Fateh!**

# ਕਾਮਲ ਮਰਦ ਸ੍ਰੀ ਗੁਰੂ ਨਾਨਕ ਦੇਵ ਜੀ

**ਗਿ. ਸੰਤੋਖ ਸਿੰਘ ਆਸਟਰੇਲੀਆ**

ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ-ਕਾਮਲ ਨੇ ਜਗਾਇਆ ਖ਼ਵਾਬ ਸੇ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਕਿਸੇ ਨੇ ਰੱਬ ਦਾ ਅਵਤਾਰ ਤੇ ਕਿਸੇ ਨੇ ਰਾਜਾ ਜਨਕ ਦਾ ਅਵਤਾਰ ਚਿਤਵਿਆ, ਕਿਸੇ ਨੇ ਨਿਰੰਕਾਰੀ, ਕਿਸੇ ਨੇ ਕੁਰਾਹੀਆ, ਕਿਸੇ ਨੇ ਉਹਨਾਂ ਨੂੰ ਧਰਮ-ਵਿਰੋਧੀ ਹੋਣ ਦਾ ਫ਼ਤਵਾ ਦਿੱਤਾ ਅਤੇ ਖ਼ੁਦ ਨੂੰ ਖ਼ੁਦ ਉਹਨਾਂ ਨੇ ਸ਼ਾਇਰ ਤੇ ਆਦਮੀ ਹੀ ਆਖਿਆ, ਪਰ ਪੂਰਬ ਦੇ ਸ਼ਾਇਰ, ਡਾਕਟਰ ਸਰ ਮੁਹੰਮਦ ਇਕਬਾਲ ਨੇ ਉਹਨਾਂ ਦੇ ਸਰੂਪ ਵਿਚ ਇਕ ਕਾਮਲ ਮਰਦ ਦੀ ਝਲਕ ਵੇਖੀ ਅਤੇ ਉਹਨਾਂ ਨੂੰ ਭਰਮਾਂ ਦੀ ਨੀਂਦ ਵਿਚ ਸੁੱਤੀ ਹੋਈ ਮਨੁੱਖਤਾ ਨੂੰ ਜਗਾਉਣ ਵਾਲੇ ਦੇ ਰੂਪ ਵਿਚ ਵੇਖਿਆ; ਦਾ ਆਗਮਨ, ਸੰਨ ੧੪੬੯ ਈ: ਵਿਚ, ਪਿਤਾ ਮਹਿਤਾ ਕਲਿਆਨ ਚੰਦ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਿਹ ਵਿਖੇ, ਰਾਇ ਭੋਇ ਦੀ ਤਲਵੰਡੀ, ਸ੍ਰੀ ਨਨਕਾਣਾ ਸਾਹਿਬ ਵਿਖੇ ਹੋਇਆ।

ਬਚਪਨ ਵਿਚ ਹੀ ਆਪ ਜੀ ਬਾਕੀ ਬਾਲਕਾਂ ਵਰਗੇ ਵਿਹਾਰ ਤੋਂ ਉਲਟ, ਸਾਧੂਆਂ ਵਾਂਗ ਵਿਚਰਦੇ ਸਨ।ਸੱਤ ਸਾਲ ਦੇ ਹੋਏ ਤਾਂ ਪਿਤਾ ਕਾਲੂ ਜੀ ਨੇ, ਆਪ ਜੀ ਨੂੰ ਪਾਂਧੇ ਪਾਸ ਪੜ੍ਹਨੇ ਪਾਇਆ। ਉਸ ਸਮੇਂ ਆਪ ਜੀ ਨੇ ਪੱਟੀ ਨਾਮ ਦੀ ਬਾਣੀ ਉਚਾਰ ਕੇ ਪਾਂਧੇ ਨੂੰ ਉਪਦੇਸ਼ ਦਿੱਤਾ।ਉਸ ਬਾਣੀ ਵਿਚ ਅੱਜ ਪੰਜਾਬੀ ਬੋਲੀ ਲਿਖੇ ਜਾਣ ਵਾਲੇ ਅੱਖਰਾਂ ਦੇ ਨਾਮ ਦੀ ਸਾਨੂੰ ਬਖ਼ਸ਼ਸ਼ ਕੀਤੀ।ਨੌਂ ਸਾਲ ਦੀ ਅਵੱਸਥਾ ਵਿਚ ਗੁਰੂ ਜੀ ਨੇ ਪਰਵਾਰਕ ਧਾਰਮਿਕ ਰਸਮ ਅਨੁਸਾਰ ਜਨੇਊ ਪਾਉਣ ਤੋਂ ਇਨਕਾਰ ਕਰਕੇ, ਪਾਂਡੇ ਨੂੰ ਸੱਚਾ ਜਨੇਊ ਪਾਉਣ ਲਈ ਕਿਹਾ ਜੋ ਕਿ ਇਸ ਦੁਨੀਆਂ ਤੋਂ ਅੱਗੇ ਵੀ ਮਨੁੱਖ ਦੇ ਨਾਲ ਜਾਵੇ।ਹਰੇਕ ਸਹੀ ਸੋਚ ਵਾਲੇ ਪਿਤਾ ਵਾਂਗ, ਆਪ ਜੀ ਦੇ ਪਿਤਾ, ਮਹਿਤਾ ਕਲਿਆਣ ਚੰਦ ਜੀ ਨੇ, ਆਪ ਜੀ ਨੂੰ ਵੀ ਸੰਸਾਰਕ ਕਾਰਜਾਂ ਵਿਚ ਪਾਉਣਾ ਚਾਹਿਆ ਪਰ ਆਪ ਜੀ ਪ੍ਰਭੂ-ਭਗਤੀ ਵਿਚ ਸਦਾ ਹੀ ਲੀਨ ਰਹਿਣ ਸਦਕਾ, ਸੰਸਾਰਕ ਬੰਧਨਾਂ, ਦੁਨਿਆਵੀ ਵਿਹਾਰਾਂ ਤੋਂ ਨਿਰਲੇਪ ਰਹਿੰਦੇ ਸਨ।ਇਸ ਕਰਕੇ ਪਿਤਾ ਕਾਲੂ ਜੀ ਸੁਭਾਵਕ ਤੌਰ ਤੇ ਹੀ ਗੁਰੂ ਜੀ ਨਾਲ ਨਾਰਾਜ਼ ਰਹਿੰਦੇ ਸਨ ਤੇ ਪਿਤਾ ਜੀ ਦੀ ਨਾਰਾਜ਼ਗੀ ਦਾ ਸਦਕਾ ਘਰ ਵਿਚ ਸੁਭਾਵਕ ਹੀ ਤਣਾਉ ਰਹਿੰਦਾ ਸੀ।ਇਹ ਵੇਖ ਕੇ ਗੁਰੂ ਜੀ ਦੀ ਭੈਣ, ਬੇਬੇ ਨਾਨਕੀ ਜੀ, ਆਪਣੇ ਪਾਸ ਸੁਲਤਾਨਪੁਰ ਲੋਧੀ, ਆਪ ਜੀ ਨੂੰ ਲੈ ਗਏ।ਬੇਬੇ ਨਾਨਕੀ ਜੀ ਦੇ ਪਤੀ, ਭਾਈਆ ਜੈ ਰਾਮ ਜੀ, ਏਥੋਂ ਦੇ ਨਵਾਬ, ਦੌਲਤ ਖਾਂ ਲੋਧੀ, ਪਾਸ ਇੱਜ਼ਤ ਇਤਬਾਰ ਵਾਲੀ ਨੌਕਰੀ ਕਰ ਰਹੇ ਸਨ।ਭਾਈਆ ਜੀ ਨੇ ਗੁਰੂ ਜੀ ਨੂੰ ਨਵਾਬ ਪਾਸ ਮੋਦੀ ਲਗਵਾ ਦਿੱਤਾ।ਏਥੇ ਹੀ ਬਟਾਲਾ ਨਿਵਾਸੀ, ਭਾਈ ਮੂਲ ਚੰਦ ਪਟਵਾਰੀ ਦੀ ਸਪੁੱਤਰੀ, ਮਾਤਾ ਸੁਲੱਖਣੀ ਜੀ, ਨਾਲ ਆਪ ਜੀ ਦਾ ਵਿਆਹ ਹੋਇਆ।ਆਪ ਜੀ ਦੇ ਗ੍ਰਿਹ ਵਿਖੇ ਇਸ ਸਥਾਨ 'ਤੇ ਹੀ ਦੋ ਸਾਹਿਬਜ਼ਾਦੇ, ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ, ਪੈਦਾ ਹੋਏ।

ਭਰ ਜਵਾਨੀ ਦੀ ਉਮਰ ਵਿਚ ਆਪ ਜੀ ਜਗਤ ਜਲੰਦੇ ਨੂੰ ਤਾਰਨ ਵਾਸਤੇ, 'ਉਦਾਸੀਆਂ' ਉਪਰ ਚੱਲ ਪਏ।ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ, ਇਹਨਾਂ ਉਦਾਸੀਆਂ, ਅਰਥਾਤ ਯਾਤਰਾਵਾਂ ਦੌਰਾਨ ਆਪ ਜੀ ਦੇ ਸਾਥੀ ਸਨ।ਦੂਰ-ਦੁਰਾਡੇ ਦੇਸ਼ਾਂ ਦਾ ਰਟਨ ਕੀਤਾ ਅਤੇ ਇਕ ਸੱਚੇ ਰੱਬ ਨੂੰ ਭੁਲਾ ਕੇ ਭਰਮਾਂ ਵਿਚ ਫਸੀ ਬੈਠੀ ਲੋਕਾਈ ਨੂੰ ਸੱਚ ਦਾ ਮਾਰਗ ਦਰਸਾਇਆ।ਹਿੰਦੂਆਂ, ਮੁਸਲਮਾਨਾਂ ਅਤੇ ਸਿੱਧਾਂ ਦੇ ਧਾਰਮਿਕ ਸਥਾਨਾਂ 'ਤੇ ਜਾ ਕੇ, ਮਨੁੱਖਤਾ ਨੂੰ ਇਕ ਨਿਰੰਕਾਰ ਦੇ ਪੁਜਾਰੀ ਬਣਨ ਦੀ ਪ੍ਰੇਰਨਾ ਕੀਤੀ।

ਅੰਤ ਸਮੇਂ ਰਾਵੀ ਕਿਨਾਰੇ, ਕਰਤਾਰ ਦੇ ਨਾਂ 'ਤੇ ਕਰਤਾਰਪੁਰ ਨਾਮੀ ਨਗਰ ਵਸਾ ਕੇ ਨਿਵਾਸ ਕੀਤਾ। ਸਾਰਾ ਪਰਵਾਰ, ਸਮੇਤ ਮਾਤਾ ਤੇ ਪਿਤਾ ਦੇ ਏਥੇ ਲਿਆ ਕੇ ਸੱਚੇ ਸਪੁੱਤਰਾਂ ਵਾਂਗ ਉਹਨਾਂ ਦੀ ਸੇਵਾ ਕੀਤੀ ਤੇ ਸਤਿਕਾਰ ਦਿੱਤਾ। ਸੰਸਾਰ ਵਾਸੀਆਂ ਨੂੰ ਜਿਸ ਤਰ੍ਹਾਂ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦਾ ਉਪਦੇਸ਼, ਆਪ ਜੀ ਨੇ ਦਿੱਤਾ ਸੀ, ਉਸਦਾ ਅਸਲੀ ਨਮੂਨਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ, ਅਮਲ ਕਰਕੇ ਦੱਸਿਆ। ਦਰਸਾਇਆ ਦੁਨੀਆਂ ਵਾਲਿਆਂ ਨੂੰ ਕਿ ਧਰਮ ਕੋਈ ਫੋਕਾ ਕਿਤਾਬੀ ਫ਼ਲਸਫ਼ਾ ਨਹੀਂ ਹੈ ਜਿਸ ਉਪਰ ਅਮਲ ਨਾ ਕੀਤਾ ਜਾ ਸਕਦਾ ਹੋਵੇ ਤੇ ਸਿਰਫ਼ ਲਿਖਣ, ਪੜ੍ਹਨ, ਬੋਲਣ ਤੱਕ ਹੀ ਸੀਮਤ ਹੋਵੇ; ਇਸਦੇ ਉਲਟ ਧਰਮ ਇਕ ਜੀਵਨ-ਜਾਚ ਹੈ। ਧਰਮ ਦੇ ਅਸੂਲਾਂ ਉਪਰ ਅਮਲ ਕਰਕੇ ਅਸੀਂ ਇਸ ਸੰਸਾਰ ਵਿਚ ਖ਼ੁਦ ਸੁਖੀ ਜੀਵਨ ਬਿਤਾ ਸਕਦੇ ਹਾਂ; ਬਾਕੀ ਸਾਥੀਆਂ ਦਾ ਵੀ ਭਲਾ ਕਰ ਸਕਦੇ ਹਾਂ; ਅਤੇ ਅੰਤ ਵਿਚ ਪ੍ਰਭੂ ਦੀ ਦਰਗਾਹ ਵਿਚ ਵੀ ਸੁਰਖ਼ਰੂ ਹੋ ਕੇ ਜਾ ਸਕਦੇ ਹਾਂ।

ਇਸ ਤਰ੍ਹਾਂ ਸਤਿਗੁਰੂ ਜੀ, ਤਕਰੀਬਨ ਸੱਤਰ-ਕੁ ਸਾਲ ਇਸ ਸੰਸਾਰ ਦੇ ਵਾਸੀਆਂ ਨੂੰ 'ਨਿਰਮਲ ਪੰਥ' ਦੀ ਮਰਯਾਦਾ ਦੀ ਪਾਲਣਾ ਕਰਕੇ ਦੋਹਾਂ ਦੁਨੀਆਂ ਨੂੰ ਸਫਲ ਕਰਨ ਦੀ ਜਾਚ ਦੱਸਦੇ ਹੋਏ, ਆਪਣੇ ਸੇਵਕ ਭਾਈ ਲਹਿਣਾ ਜੀ ਨੂੰ ਅੰਗਦ (ਸ੍ਰੀ ਗੁਰੂ ਅੰਗਦ ਦੇਵ ਜੀ) ਬਣਾ ਕੇ, ਸੰਨ ੧੫੩੯ ਵਿਚ, ਜੋਤੀ ਜੋਤ ਸਮਾ ਗਏ।



ਅੰਤ ਸਮੇਂ ਉਹਨਾਂ ਦਾ ਅੰਤਮ ਸੰਸਕਾਰ ਆਪਣੀ ਆਪਣੀ ਮਰਯਾਦਾ ਅਨੁਸਾਰ ਕਰਨ ਲਈ ਹਿੰਦੂਆਂ ਤੇ ਮੁਸਲਮਾਨਾਂ ਤੋਂ ਬਣੇ ਸ਼ਰਧਾਲੂਆਂ ਵਿਚ ਝਗੜੇ ਦਾ ਹੋਣਾ ਜਿਥੇ ਇਹ ਗੱਲ ਦੱਸਦਾ ਹੈ ਕਿ ਅਸੀਂ ਪੰਜਾਬੀ ਉਹਨਾਂ ਦੀ ਸਹੀ ਸਿਖਿਆ ਸਮਝਣ ਤੋਂ ਅਸਮਰਥ ਰਹੇ ਹਾਂ, ਓਥੇ ਇਹ ਵੀ ਪਤਾ ਲੱਗਦਾ ਹੈ ਕਿ ਹਰ ਕੋਈ ਉਹਨਾਂ ਨੂੰ ਆਪਣਾ ਸਮਝਦਾ ਸੀ। ਇਕ ਲੋਕੋਕਤੀ ਵੀ ਹੈ ਇਸ ਬਾਰੇ:

ਬਾਬਾ ਨਾਨਕ ਸ਼ਾਹ ਫ਼ਕੀਰ।ਹਿੰਦੂ ਦਾ ਗੁਰੂ, ਮੁਸਲਮਾਨ ਦਾ ਪੀਰ।

ਖ਼ਾਲਸਾ ਅਖ਼ਬਾਰ



(ਜਨਮਸਾਖੀ 'ਤੇ ਆਧਾਰਤ)



# ਬੇਬੇ ਨਾਨਕੀ ਅਤੇ ਮਾਤਾ ਚੰਦੋ ਰਾਣੀ ਸੰਵਾਦ

ਗਿ. ਸੰਤੋਖ ਸਿੰਘ

ਸਤਿਗੁਰ ਨਾਨਕ ਦੇਵ ਜੀ ਦੇ ਸੰਸਾਰਕ ਜੀਵਨ ਵਿਚ ਇਹਨਾਂ ਛੇ ਬੀਬੀਆਂ ਦਾ ਮਹੱਤਵਪੂਰਣ ਹਿੱਸਾ ਹੈ:

ਸਤਿਕਾਰਯੋਗ ਮਾਤਾ ਤ੍ਰਿਪਤਾ ਜੀ, ਵੱਡੀ ਭੈਣ ਬੇਬੇ ਨਾਨਕੀ ਜੀ, ਦਾਈ ਦੌਲਤਾਂ ਜਿਸਨੇ ਗੁਰੂ ਜੀ ਦੇ ਸਰੀਰ ਨੂੰ ਸੰਸਾਰ ਵਿਚ ਲਿਆਉਣ ਸਮੇਂ ਦਾਈ ਦਾ ਕਰਤੱਵ ਨਿਭਾਇਆ, ਘਰ ਦੀ ਨੌਕਰਾਣੀ ਤੁਲਸਾਂ, ਗੁਰੂ ਜੀ ਦੇ ਮਹਿਲ ਸਤਿਕਾਰਯੋਗ ਮਾਤਾ ਸੁਲੱਖਣੀ ਜੀ ਤੇ ਗੁਰੂ ਜੀ ਦੀ ਸੱਸ ਮਾਤਾ ਚੰਦੋ ਰਾਣੀ ਜੀ। ਇਹਨਾਂ ਵਿਚੋਂ ਤਿੰਨ ਤਾਂ ਗੁਰੂ ਜੀ ਨੂੰ ਨਿਰੰਕਾਰ ਦੀ ਜੋਤ ਸਮਝ ਕੇ ਸਤਿਕਾਰ ਕਰਦੀਆਂ ਰਹੀਆਂ ਪਰ ਤਿੰਨਾਂ ਨੇ ਗੁਰੂ ਜੀ ਨੂੰ ਦੁਨਿਆਵੀ ਰਿਸ਼ਤੇ ਦੇ ਰੂਪ ਵਿਚ ਹੀ ਵੇਖਿਆ। ਏਥੇ ਕੇਵਲ ਦੋ ਬੀਬੀਆਂ ਦੀ ਆਪਸੀ ਵਾਰਤਾਲਾਪ ਹੀ ਲਿਖੀ ਜਾ ਰਹੀ ਹੈ। ਰਿਵਾਜ ਅਨੁਸਾਰ ਗੁਰੂ ਜੀ ਵਿਆਹ ਪਿੱਛੋਂ, ਸਾਰਿਆਂ ਦੇ ਜ਼ੋਰ ਦੇਣ 'ਤੇ ਇਕ ਮਹੀਨਾ ਤਲਵੰਡੀ ਜਾ ਕੇ ਰਹੇ। ਪਿੱਛੋਂ ਮੋਦੀਖਾਨੇ ਦਾ ਕੰਮ ਭਾਈ ਬਾਲਾ ਜੀ ਚਲਾਉਂਦੇ ਰਹੇ। ਤਲਵੰਡੀਉਂ ਮੁੜ ਕੇ ਭੈਣ ਨਾਨਕੀ ਜੀ ਦੇ ਘਰ ਮੁੜ ਆਏ। ਅਗਲੇ ਦਿਨ ਮੋਦੀਖਾਨਾ ਸੰਭਾਲ ਲਿਆ। ਭਾਈ ਮੂਲ ਚੰਦ ਜੀ ਆਪਣੀ ਸਪੁੱਤਰੀ ਸੁਲੱਖਣੀ ਜੀ ਨੂੰ ਆ ਕੇ ਆਪਣੇ ਘਰ ਲੈ ਗਏ। ਪਤਨੀ ਦੇ ਪੇਕਿਆਂ ਤੋਂ ਮੁੜ ਆਉਣ ਪਿੱਛੋਂ ਗੁਰੂ ਜੀ ਨੇ ਆਪਣੀ ਰਿਹਾਇਸ਼ ਵੀ ਭੈਣ ਨਾਨਕੀ ਨਾਲੋਂ ਵਖਰੀ ਕਰ ਲਈ ਪਰ ਗੁਰੂ ਜੀ ਦਾ ਵਰਤ-ਵਿਹਾਰ ਪਹਿਲਾਂ ਜੈਸਾ ਹੀ, ਭਗਤੀ, ਦਾਨ, ਪੁੰਨ ਆਦਿ ਵਾਲਾ ਰਿਹਾ। ਗੁਰੂ ਜੀ ਦੇ ਦਾਨ ਪੁੰਨ ਵਾਲੀ ਚਾਲੀ ਨੂੰ ਵੇਖ ਕੇ ਭਾਈ ਮੂਲ ਚੰਦ ਜੀ, ਪਿਤਾ ਕਲਿਆਣ ਚੰਦ ਜੀ ਨਾਲੋਂ ਵੀ ਵਧ ਕੌੜੇ ਸੁਭਾ ਦੇ ਸਾਬਤ ਹੋਏ।

ਬਾਬਾ ਜੀ ਨੇ ਘਰ ਵਿਚ ਹਰ ਲੋੜੀਂਦੀ ਵਸਤ ਮੰਗਵਾ ਕੇ ਰੱਖਣੀ। ਬਸਤਰ, ਗਹਿਣੇ ਆਦਿ ਨਿਤ ਨਵੇਂ ਬਣਵਾ ਕੇ ਘਰ ਦੇਣ। ਹੋਰ ਹਰ ਪ੍ਰਕਾਰ ਦੇ ਸੁਖਾਂ ਦਾ ਧਿਆਨ ਰੱਖਣ ਪਰ ਕਬੀਲੇ ਨਾਲ ਮੋਹ ਜ਼ਰਾ ਘਟ ਕਰਨ। ਇਸ ਵਾਸਤੇ ਸੁਲੱਖਣੀ ਜੀ ਜਦੋਂ ਵੀ ਬੇਬੇ ਨਾਨਕੀ ਜੀ ਪਾਸ ਜਾਵੇ ਤਾਂ ਮੂੰਹ ਫੁਲਾਈ ਰੱਖੇ। ਬੇਬੇ ਜੀ ਛੋਟੀ ਭਰਜਾਈ ਜਾਣਕੇ ਹਰ ਪ੍ਰਕਾਰ ਦਾ ਚਾ-ਮਲ੍ਹਾਰ ਕਰੇ ਤੇ ਖ਼ੁਸ਼ਾਮਦ ਵੀ ਕਰਦੀ ਰਹੇ। ਉਸਨੂੰ ਹਰ ਤਰ੍ਹਾਂ ਖੁਸ਼ ਰੱਖਣ ਦਾ ਯਤਨ ਕਰੇ, ਪਰ ਚੋਣੀ ਹਰ ਸਮੇਂ ਛਿੱਥੀ ਹੀ ਪੈਂਦੀ ਰਹੇ ਤੇ 'ਬੁੜ, ਬੁੜ' ਕਰਦੀ ਰਹੇ। ਗੁਰੂ ਜੀ ਜੀਅ ਕਰੇ ਤਾਂ ਘਰ ਜਾਣ ਨਹੀਂ ਤਾਂ ਕਈ ਕਈ ਦਿਨ ਘਰ ਹੀ ਨਾ ਵੜਨ।

ਜਦੋਂ ਵੀ ਪਿਤਾ ਭਾਈ ਮੂਲ ਚੰਦ ਤੇ ਮਾਤਾ ਚੰਦੋ ਰਾਣੀ ਧੀ ਨੂੰ ਮਿਲਣ ਆਉਣ ਤਾਂ ਧੀ ਉਹਨਾਂ ਨੂੰ ਆਖੇ, 'ਮੈਨੂੰ ਤੁਸਾਂ ਕਿਥੇ ਦੇ ਦਿੱਤਾ। ਉਹ ਤੇ ਨਾ ਘਰ ਵੜੇ, ਨਾ ਮੇਰੇ ਨਾਲ ਬੋਲੇ।' ਭਾਈ ਮੂਲ ਚੰਦ ਭਾਈਆ ਜੈ ਰਾਮ ਜੀ ਪਾਸ ਜਾ ਕੇ ਉਚੀ ਬੋਲੇ। ਕਹੇ, 'ਮੇਰੀ ਧੀ ਨੂੰ ਤੁਸਾਂ ਥਾਇ ਬੋੜਿਆ ਜੇ।' ਗੁਰੂ ਨਾਨਕ ਜੀ ਨੂੰ ਆਖੇ, 'ਅਵੇ, ਤੂੰ ਕੀ ਕਰਦਾ ਹੈਂ?' ਨਾਨਕ ਜੀ ਅੱਗੋਂ ਕੁਝ ਨਾ ਬੋਲੇ। ਆਪੇ ਝਖ ਮਾਰ ਕੇ ਉਠ ਜਾਣ।

ਮੂਲ ਚੰਦ ਤੇ ਚੰਦੋ ਰਾਣੀ ਮਹੀਨੇ ਦੋ ਮਹੀਨੇ ਪਿਛੋਂ ਆਉਣ ਤੇ ਆਪਣਾ ਝੱਲ ਖਲਾਰ ਕੇ ਚਲੇ ਜਾਣ। ਇਕ ਦਿਨ ਗ਼ੁੱਸੇ ਵਿਚ ਭਰੀ-ਪੀਤੀ, ਗੁਰੂ ਜੀ ਦੀ ਸੱਸ ਚੰਦੋ ਰਾਣੀ, ਬੇਬੇ ਨਾਨਕੀ ਜੀ ਪਾਸ ਆ ਕੇ ਝਗੜਨ ਲੱਗੀ। ਕਹੇ, 'ਕਿਉਂ ਅਜਿਹੀਆਂ ਹਕੂਮਤਾਂ ਕਰਨ ਲੱਗੇ ਹੋ! ਤੁਹਾਨੂੰ ਰੱਬ ਦਾ ਡਰ ਨਹੀਂ! ਨਾ ਭਰਾ ਨੂੰ ਕੁਝ ਸਮਝਾਉਂਦੀ ਏਂ ਤੇ ਨਾ ਭਰਜਾਈ ਨੂੰ ਕੁਝ ਗਿਣਦੀ ਏਂ! ਭਣਵਈਆ ਵੀ ਸਾਲੇ ਨੂੰ ਕੁਝ ਅਕਲ ਦੀ ਗੱਲ ਨਹੀਂ ਦੱਸਦਾ।

ਬੇਬੇ ਜੀ ਨੇ ਆਖਿਆ, 'ਸੁਣ ਮਾਸੀ, ਮੈਂ ਭਰਾ ਨੂੰ ਸਮਝਾਵਾਂ ਤੇ ਕੀ ਸਮਝਾਵਾਂ! ਭਰਾ ਮੇਰਾ ਚੋਰ ਨਹੀਂ, ਜਾਰ ਨਹੀਂ, ਜੁਆਰੀਆ ਨਹੀਂ। ਹੋਰ ਕੋਈ ਵੀ ਬੁਰਾ ਕੰਮ ਨਹੀਂ ਕਰਦਾ। ਦੱਸ ਕਿਹੜੀ ਗੱਲ ਤੋਂ ਮੈਂ ਉਸਨੂੰ ਸਮਝਾਵਾਂ! ਜੇ ਉਹ ਆਪਣੀ ਨੇਕ ਕਮਾਈ ਵਿਚੋਂ ਲੋੜਵੰਦਾਂ ਨਾਲ ਕੁਝ ਵੰਡ ਕੇ ਖਾਂਦਾ ਹੈ ਤਾਂ ਇਸ ਭਲੇ ਕੰਮ ਤੋਂ ਮੈਂ ਉਸਨੂੰ ਕਿਵੇਂ ਰੋਕਾਂ! ਇਹਨਾਂ ਕੰਮਾਂ ਤੋਂ ਕਿਸੇ ਨੂੰ ਰੋਕਣਾ ਭਲਾ ਨਹੀਂ। ਬਾਕੀ ਮਾਸੀ ਜੀ, ਤੁਸੀਂ ਉਲਾਹਮੇ ਤਾਂ ਦਿਉ ਜੇ ਤੁਹਾਡੀ ਧੀ ਕਿਸੇ ਗੱਲੋਂ ਵਿਰਵੀ ਰਹਿੰਦੀ ਹੋਵੇ। ਚੰਗੇ ਖਾਣ ਪੀਣ ਦੀ ਘਰ ਵਿਚ ਕੋਈ ਕਮੀ ਨਹੀਂ ਤੇ ਗਹਿਣਾ ਕੱਪੜਾ, ਮਾਸੀ ਜੀ, ਤੇਰੀ ਧੀ ਨੂੰ ਨਿਤ ਨਵਾਂ ਬਣਕੇ ਮਿਲਦਾ ਰਹਿੰਦਾ ਹੈ।

ਚੰਗੇ ਭਲੇ ਖਾਂਦਿਆਂ ਪੀਂਦਿਆਂ ਜੇ ਤੁਸੀਂ ਸਾਨੂੰ ਖੁਆਰ ਕਰੋ ਤਾਂ ਤੁਸੀਂ ਜਾਣੋ। ਸਾਡਾ ਮੂੰਹ ਸੁਆਦ ਨਹੀਂ ਦਿੰਦਾ ਜੇਕਰ ਅਸੀਂ ਆਪਣੇ ਮੂੰਹੋਂ ਤੁਹਾਨੂੰ ਕੁਝ ਮੰਦਾ-ਚੰਗਾ ਆਖੀਏ। ਗਹਿਣੇ ਦੀ ਜਗਾਹ ਗਹਿਣਾ, ਕੱਪੜੇ ਦੀ ਜਗਾਹ ਕੱਪੜਾ; ਰਿਜ਼ਕ ਦੀ ਕੋਈ ਤੋਟ ਨਹੀਂ। ਮੈਂ ਅੱਗੇ ਪਿਛੇ 'ਭਾਬੀ, ਭਾਬੀ' ਪਈ ਕਰਦੀ ਫਿਰਦੀ ਹਾਂ। ਭਾਬੀ ਤੋਂ ਬਿਨਾ ਕਦੀ ਹੋਰ ਇਸਨੂੰ ਕੁਝ ਬੋਲਿਆ ਨਹੀਂ। ਜੇਕਰ ਫੇਰ ਵੀ ਤੁਸੀਂ ਖੱਤਰੀ ਦੇ ਪੁੱਤ ਦੀ ਬਦਨਾਮੀ ਤੇ ਸਾਡੀ ਖੁਆਰੀ ਕਰਦੇ ਫਿਰੋ ਤਾਂ ਫੇਰ ਸਾਡਾ ਕੀ ਵੱਸ ਹੈ! ਤੁਸੀਂ ਜਾਣੋ, ਤੁਹਾਡੀ ਖ਼ੁਸ਼ੀ। ਅਸੀਂ ਕੁਝ ਨਹੀਂ ਆਖਦੇ।'

ਏਨੀਆਂ ਗੱਲਾਂ ਸੁਣਨ ਪਿੱਛੋਂ ਚੰਦੋ ਰਾਣੀ ਚੁੱਪ ਕਰਕੇ ਸ਼ਰਮਿੰਦੀ ਹੋ ਕੇ ਉਠ ਕੇ ਤੁਰ ਗਈ। ਧੀ ਦੇ ਘਰ ਆ ਕੇ ਧੀ ਨੂੰ ਆਖਣ ਲੱਗੀ, 'ਸੁਣ ਬੇਟੀ ਸੁਲੱਖਣੀ, ਤੇਰੀ ਨਣਾਨ ਨੇ ਤਾਂ ਮੇਰੇ ਪੱਲੇ ਕੱਖ ਨਹੀਂ ਛੱਡਿਆ। ਉਸਨੇ ਮੈਨੂੰ ਸ਼ਰਮਿੰਦਿਆਂ ਕਰ ਛੱਡਿਆ, ਤੇ ਮੈਨੂੰ ਅੱਗੋਂ ਜਵਾਬ ਵੀ ਕੋਈ ਨਹੀਂ ਆਇਆ। ਸੁਣ ਬੇਟੀ ਸੁਲੱਖਣੀ, ਤੂੰ ਵੀ ਕੁਝ ਨਿਉਂ ਕੇ ਚੱਲਿਆ ਕਰ।' ਅੱਗੋਂ ਸੁਲੱਖਣੀ ਜੀ ਨੇ ਆਖਿਆ, 'ਅੰਮਾ ਜੀ, ਮੈਂ ਕੋਈ ਨੰਗੀ ਭੁੱਖੀ ਤਾਂ ਰਹਿੰਦੀ ਨਹੀਂ। ਖਾਣ ਪੀਣ ਨੂੰ ਤਾਂ ਸਭ ਕੁਝ ਹੈ। ਗਹਿਣੇ ਕੱਪੜੇ ਵੀ ਬਹੁਤ ਹਨ।' ਇਹ ਸੁਣ ਕੇ ਚੰਦੋ ਰਾਣੀ ਨੇ ਆਖਿਆ, 'ਬੇਟੀ ਜੇ ਤੈਨੂੰ ਕਿਸੇ ਗੱਲ ਦੀ ਤੋਟ ਨਹੀਂ ਤਾਂ ਫੇਰ ਉਸ ਖੱਤਰੀ ਦੇ ਪੁੱਤ ਨੂੰ ਕਿਉਂ ਖੁਆਰ ਕਰਦੀ ਏਂ!' ਸੁਲੱਖਣੀ ਜੀ ਨੇ ਅੱਗੋਂ ਕਿਹਾ, 'ਅੰਮਾ ਜੀ, ਮੈਂ ਕੀ ਕਰਾਂ! ਮੈਨੂੰ ਮੂੰਹ ਨਹੀਂ ਲਾਉਂਦਾ। ਸਿਧੇ ਮੂੰਹ ਮੇਰੇ ਨਾਲ ਬੋਲਦਾ ਨਹੀਂ। ਮੈਂ ਆਪਣੀ ਵੇਦਨਾ ਕਿਸ ਨੂੰ ਸੁਣਾਵਾਂ!'

ਆਪਣੀ ਧੀ ਦੀਆਂ ਸ਼ਿਕਾਇਤਾਂ ਸੁਣ ਕੇ ਚੰਦੋ ਰਾਣੀ ਫੇਰ ਬੇਬੇ ਨਾਨਕੀ ਪਾਸ ਆਈ ਤੇ ਆ ਕੇ ਆਖਣ ਲੱਗੀ, 'ਸੁਣ ਬੀਬੀ, ਤੇਰੀ ਭਰਜਾਈ ਆਖਦੀ ਹੈ ਕਿ ਪਦਾਰਥਾਂ ਵੱਲੋਂ ਉਸਨੂੰ ਕੋਈ ਕਮੀ ਨਹੀਂ। ਘਰ ਵਿਚ ਹਰੇਕ ਲੋੜੀਂਦੀ ਸ਼ੈ ਮੌਜੂਦ ਹੈ ਪਰ ਨੀਂਗਰ ਉਸ ਨਾਲ ਸਿਧੇ ਮੂੰਹ ਨਹੀਂ ਬੋਲਦਾ। ਪਹਿਲਾਂ ਤਾਂ ਘਰ ਵੜਦਾ ਹੀ ਨਹੀਂ; ਜੇ ਕਿਤੇ ਮਹੀਨੇ ਦੋ ਮਹੀਨੇ ਪਿੱਛੋਂ ਆ ਵੀ ਜਾਵੇ ਤਾਂ ਕੋਈ ਗੱਲ ਹੀ ਨਹੀਂ ਕਰਦਾ।' ਬੇਬੇ ਨਾਨਕੀ ਨੇ ਆਖਿਆ, 'ਸੁਣੋ ਮਾਸੀ ਜੀ, ਭਾਬੀ ਦਾ ਸੁਭਾ ਵੀ ਬੜਾ ਕਰੜਾ ਹੈ।

ਕਈ ਵਾਰ ਸੱਦ ਘਲਦੀ ਹਾਂ ਤਾਂ ਆਉਂਦੀ ਹੀ ਨਹੀਂ। ਜੇ ਕਦੀ ਆਵੇ ਵੀ ਤਾਂ ਕੇਹੀ ਆਉਂਦੀ ਹੈ ਜੋ ਲੋਹੇ ਲਾਖੀ ਹੋ ਕੇ ਆਉਂਦੀ ਹੈ। ਮੈਂ ਫੇਰ ਵੀ ਸੋਚਦੀ ਹਾਂ ਕਿ ਇਹ ਮੇਰੀ ਛੋਟੀ ਭਰਜਾਈ ਹੈ; ਜਿਵੇਂ ਇਹ ਰਾਜ਼ੀ ਰਹੇ ਓਸੇ ਤਰ੍ਹਾਂ ਹੀ ਸਹੀ। ਅਸੀਂ ਖੱਤਰੀਆਂ ਦੀ ਧੀ ਝੋਲੀ ਪਾ ਕੇ ਆਂਦੀ ਹੈ। ਆਪੇ ਹੀ ਸਿਆਣੀ ਹੋ ਕੇ ਸਮਝ ਜਾਵੇਗੀ। ਇਹ ਕੁਝ ਸੋਚ ਕੇ ਮੈਂ 'ਭਾਬੀ, ਭਾਬੀ' ਆਖਦੀ ਇਸ ਦੇ ਮੂੰਹ ਵੱਲ ਵੇਖਦੀ ਰਹਿੰਦੀ ਹਾਂ। ਇਸਦਾ ਸੁਭਾ ਬਹੁਤਾ ਡਾਹਡਾ ਹੈ।' ਇਹ ਸੁਣ ਕੇ ਚੰਦੋ ਰਾਣੀ ਨੇ ਆਖਿਆ, 'ਹੇ ਬੱਚੀ ਨਾਨਕੀ, ਘਰ ਵਿਚ ਕਮੀ ਤਾਂ ਕਿਸੇ ਗੱਲ ਦੀ ਨਹੀਂ, ਪ੍ਰੰਤੂ ਤੂੰ ਖੁਦ ਸਿਆਣੀ ਹੈਂ। ਤ੍ਰੀਮਤ ਨੂੰ ਦਿਲਾਸਾ ਬਹੁਤ ਲੋੜੀਂਦਾ ਹੈ। ਬੇਬੇ ਨਾਨਕੀ ਜੀ ਨੇ ਕਿਹਾ, 'ਭਲਾ ਮਾਸੀ ਜੀ ਤੂੰ ਵੀ ਸੱਚੀ ਹੈਂ। ਪਰਮੇਸ਼ਰ ਭਲੀ ਕਰਸੀ ਪਰ ਤੂੰ ਵੀ ਧੀ ਦਾ ਦਿਲਾਸਾ ਕਰ ਤੇ ਉਸਨੂੰ ਸਮਝਾ ਵੀ, ਭਈ ਤੀਵੀਂ ਦਾ ਸੁਭਾ ਏਨਾ ਸਖ਼ਤ ਨਹੀਂ ਹੋਣਾ ਚਾਹੀਦਾ। ਘਰ ਆਏ ਮਰਦ ਨਾਲ ਹੱਸ ਕੇ ਗੱਲ ਨਾ ਕਰੀਏ ਤਾਂ ਉਸਦਾ ਚਿੱਤ ਖੁਸ਼ ਨਹੀਂ ਹੁੰਦਾ। ਤੂੰ ਮਾਸੀ ਸਮਝਦੀ ਹੋਵੇਂਗੀ ਕਿ ਮੈਂ ਭਰਾ ਦੀ ਰਈ ਪਈ ਕਰਦੀ ਹਾਂ ਪਰ ਮੈਂ ਤਾਂ ਨਾਨਕ ਜੀ ਨੂੰ ਪਰਮੇਸ਼ਰ ਕਰਕੇ ਹੀ ਜਾਣਦੀ ਹਾਂ। ਤੂੰ ਸੱਚ ਕਰਕੇ ਜਾਣ ਇਸ ਵਿਚ ਰਤਾ ਵੀ ਫ਼ਰਕ ਵਾਲੀ ਗੱਲ ਨਹੀਂ। ਭਲਾ ਹੁਣ ਮਾਸੀ ਜੀ ਤੁਸੀਂ ਆਪਣੇ ਘਰ ਜਾਉ। ਪਰਮੇਸ਼ਰ ਨੂੰ ਭਾਇਆ ਤਾਂ ਮੈਂ ਭਾਬੀ ਨੂੰ ਦਿਲਾਸਾ ਦਿਵਾਵਾਂਗੀ।' ਇਸ ਵਾਰਤਾਲਾਪ ਪਿੱਛੋਂ ਚੰਦੋ ਰਾਣੀ ਆਪਣੇ ਘਰ ਨੂੰ ਚਲੀ ਗਈ।

ਇਕ ਦਿਨ ਸਤਿਗੁਰੂ ਜੀ ਭਾਈਆ ਜੈ ਰਾਮ ਜੀ ਨੂੰ ਮਿਲਣ ਆਏ, ਬੇਬੇ ਜੀ ਨੂੰ ਆ ਮਿਲੇ ਤਾਂ ਬੇਬੇ ਨਾਨਕੀ ਅੱਗੋਂ ਉਠ ਕੇ ਮਿਲੇ ਤੇ ਬੜਾ ਆਦਰ ਕੀਤਾ। ਬੇਬੇ ਜੀ ਨੇ ਆਖਿਆ, 'ਭਾਈ ਜੀ, ਅੱਜ ਮੇਰੇ ਉਪਰ ਪਰਮੇਸ਼ਰ ਬਹੁਤ ਹੀ ਮੇਹਰਬਾਨ ਹੋਇਆ ਹੈ ਜੋ ਤੁਸਾਂ ਮੈਨੂੰ ਦਰਸ਼ਨ ਦਿੱਤਾ ਹੈ। ਅੱਗੋਂ ਗੁਰੂ ਜੀ ਨੇ ਕਿਹਾ, 'ਬੇਬੇ ਜੀ, ਮੈਂ ਤੁਹਾਡਾ ਗ਼ੁਲਾਮ ਹਾਂ।' ਤਾਂ ਬੇਬੇ ਜੀ ਨੇ ਆਖਿਆ, 'ਭਾਈ ਜੀ, ਇਹ ਗੱਲ ਤੂੰ ਮੇਰੇ ਤਾਈਂ ਮਤ ਆਖਿਆ ਕਰੋ ਜੀ।' ਤਾਂ ਗੁਰੂ ਜੀ ਨੇ ਆਖਿਆ, 'ਬੇਬੇ ਜੀ, ਤੂੰ ਵੱਡੀ ਹੈਂ।' ਤਾਂ ਬੇਬੇ ਜੀ ਨੇ ਕਿਹਾ, 'ਭਾਈ ਜੀ, ਦਿਨਾਂ ਵਿਚ ਤਾਂ ਮੈਂ ਜ਼ਰੂਰ ਵੱਡੀ ਹਾਂ ਪਰ ਕਰਮਾਂ ਵਿਚ ਨਹੀਂ ਵੱਡੀ। ਭਾਈ ਜੀ ਵੱਡਾ ਓਹੀ ਹੈ ਜੋ ਕਰਮਾਂ ਵਿਚ ਵੱਡਾ ਹੋਵੇ।'

ਗੁਰੂ ਜੀ ਨੇ ਕਿਹਾ, 'ਬੇਬੇ ਜੀ, ਇਹ ਬਾਤ ਨਿਰੰਕਾਰ ਨੇ ਤੁਧ ਨੂੰ ਬੁਝਾਈ ਹੈ ਅਤੇ ਪਰਮੇਸ਼ਰ ਤੇਰੇ ਉਪਰ ਮੇਹਰਬਾਨ ਹੈ।' ਬੇਬੇ ਜੀ ਆਖਣ ਲੱਗੇ, 'ਸੁਣੋ ਭਾਈ ਜੀ, ਪਰਮੇਸ਼ਰ ਦੀ ਮੇਹਰਬਾਨੀ ਮੈਂ ਆਪਣੇ ਉਪਰ ਤਾਂ ਜਾਣਾਂਗੀ ਜੇ ਤੂੰ ਮੇਰਾ ਕਿਹਾ ਮੰਨੇ।'

ਗੁਰੂ ਜੀ ਨੇ ਖ਼ੁਸ਼ ਹੋ ਕੇ ਆਖਿਆ, 'ਆਖੋ ਬੇਬੇ ਜੀ! ਜੋ ਕੁਝ ਤੂੰ ਆਖੇਂਗੀ, ਮੈਂ ਮੰਨਾਂਗਾ। ਤੂੰ ਮੇਰੀ ਵੱਡੀ ਭੈਣ ਹੈਂ। ਤੇਰਾ ਤੇ ਮੇਰਾ ਪਿਛਲੇ ਜਨਮਾਂ ਵਿਚ ਵੀ ਭੈਣ ਤੇ ਭਰਾ ਦਾ ਸੰਬੰਧ ਹੁੰਦਾ ਆਇਆ ਹੈ। ਤੂੰ ਸਾਡੀ ਬਹੁਤ ਭਾਰੀ ਸੇਵਾ ਕੀਤੀ ਹੈ। ਤੇਰਾ ਭਾਰ ਸਾਡੇ ਸਿਰ 'ਤੇ ਹੈ। ਜੋ ਤੂੰ ਆਖੇਂਗੀ ਸੋ ਮੰਨਾਂਗਾ।' ਅਜਿਹੇ ਬਚਨ ਨਿਕੇ ਭਰਾ ਨਾਨਕ ਜੀ ਦੇ ਮੂੰਹੋਂ ਸੁਣਕੇ ਬੇਬੇ ਨਾਨਕੀ ਜੀ ਨੇ ਆਖਿਆ, 'ਅਸੀਂ ਇਸ ਗੱਲੋਂ ਭਾਈ ਜੀ ਬਹੁਤ ਸ਼ਰਮਿੰਦੇ ਹੁੰਦੇ ਹਾਂ ਕਿ ਤੂੰ ਭਾਬੀ ਨੂੰ ਦਿਲਾਸਾ ਨਹੀਂ ਦਿੰਦਾ। ਤ੍ਰੀਮਤਾਂ ਨੂੰ ਦਿਲਾਸਾ ਨਾ ਮਿਲੇ ਤਾਂ ਬਹੁਤ ਸ਼ਰਮਿੰਦੇ ਹੋਈਦਾ ਹੈ ਅਤੇ ਤੂੰ ਤਾਂ ਭਾਈ ਜੀ ਸਾਧ ਹੈਂ। ਆਪਣੇ ਜੀ ਵਿਚ ਵਿਚਾਰ ਕੇ ਵੇਖ।'

ਗੁਰੂ ਜੀ ਨੇ ਕਿਹਾ, 'ਭੈਣ ਜੀ, ਕੀ ਤੁਹਾਡੀ ਭਰਜਾਈ ਕਿਸੇ ਗੱਲੋਂ ਵਿਰਵੀ ਰਹਿੰਦੀ ਹੈ?' ਬੇਬੇ ਜੀ ਨੇ ਆਖਿਆ, 'ਵਿਰਵੀ ਕਿਉਂ ਰਹੇ ਭਾਈ ਜੀ! ਪਰਮੇਸ਼ਰ ਦਾ ਦਿੱਤਾ ਸਭ ਕੁਝ ਘਰ ਵਿਚ ਹੈ ਪਰ ਇਕ ਮੂੰਹ ਦਾ ਦਿਲਾਸਾ ਸਾਰੀਆਂ ਗੱਲਾਂ ਤੋਂ, ਤ੍ਰੀਮਤ ਜਾਤ ਲਈ ਵੱਡਾ ਹੈ।'

ਬਾਬਾ ਜੀ ਨੇ ਆਖਿਆ, 'ਤੂੰ ਇਸ ਗੱਲ ਦਾ ਕਾਈ ਫ਼ਿਕਰ ਨਾ ਕਰ ਭੈਣ। ਜੋ ਤੂੰ ਆਖੇਂਗੀ ਮੈਂ ਸੋਈ ਕਰਾਂਗਾ। ਮਨ ਵਿਚ ਸੰਤੋਖ ਰੱਖ। ਇਸ ਗੱਲ ਨੂੰ ਹੁਣ ਛੱਡ ਤੇ ਕੋਈ ਹੋਰ ਗੱਲ ਕਰ।'

ਬੇਬੇ ਜੀ ਨੇ ਆਖਿਆ, 'ਮੇਰੇ ਮਨ ਵਿਚ ਤਾਂ ਇਉਂ ਹੈ ਭਾਈ ਜੀ ਕਿ ਮੈਂ ਤੇਰੀ ਸੰਤਾਨ ਖੇਡਦੀ ਵੇਖਾਂ। ਆਪਣੇ ਭਤੀਜਿਆਂ ਨੂੰ ਕੁੱਛੜ ਚੁੱਕ ਕੇ ਖਿਡਾਵਾਂ। ਲੋਰੀਆਂ ਦੇਵਾਂ।

ਮੇਰੇ ਵੇਹੜੇ ਵਿਚ ਵੀ ਬਾਲਕ ਕਿਲਕਾਰੀਆਂ ਮਾਰਨ। ਰੌਣਕ ਹੋਵੇ।' ਗੁਰੂ ਜੀ ਨੇ ਆਖਿਆ, 'ਜੋ ਤੂੰ ਮੰਗਦੀ ਹੈਂ ਭੈਣ, ਕਰਤਾਰ ਤੇਰੀ ਇੱਛਾ ਪੂਰੀ ਕਰੇਗਾ। ਇਹ ਵੀ ਹੋ ਜਾਵੇਗਾ।' ਇਹ ਆਖ ਕੇ ਗੁਰੂ ਜੀ ਚਲਦੇ ਰਹੇ ਤੇ ਆਪਣੇ ਘਰ ਵਿਚ ਵਾਸਾ ਕਰਨ ਲੱਗ ਪਏ।

ਸਮਾਂ ਪਾਕੇ, ਸੰਨ ੧੪੯੧ ਵਿਚ, ਜਦੋਂ ਗੁਰੂ ਜੀ ਦੀ ਬਾਈ ਸਾਲ ਦੀ ਉਮਰ ਸੀ ਤਾਂ, ਗੁਰੂ ਜੀ ਦੇ ਗ੍ਰਿਹ ਵਿਖੇ, ਮਾਤਾ ਸੁਲੱਖਣੀ ਜੀ ਦੀ ਗੋਦ ਵਿਚ, ਬਾਬਾ ਸ੍ਰੀ ਚੰਦ ਜੀ ਪਰਗਟ ਹੋਏ। ਯਾਦ ਰਹੇ ਕਿ ਬੇਬੇ ਨਾਨਕੀ ਜੀ ਦੀ ਆਪਣੀ ਸੰਤਾਨ ਕੋਈ ਨਹੀਂ ਸੀ ਤੇ ਬਾਲ ਬ੍ਰਹਮਚਾਰੀ, ਸਿਧ ਪੁਰਸ਼, ਉਦਾਸੀ ਪੰਥ ਦੇ ਪਰਗਟ ਕਰਨ ਵਾਲੇ, ਬਾਬਾ ਸ੍ਰੀ ਚੰਦ ਜੀ ਦੀ ਪਾਲਣਾ ਬੇਬੇ ਨਾਨਕੀ ਜੀ ਨੇ ਹੀ ਕੀਤੀ ਸੀ।

## ਬਰਮਿੰਘਮ ਵਿਖੇ ਨਵੰਬਰ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਸਮਰਪਿਤ ਦਿੱਤੀ ਸ਼ਰਧਾਂਜਲੀ ਅਤੇ ਚੁਪਹਿਰਾ ਸਾਹਿਬ ਸਮਾਗਮ



ਬਰਮਿੰਘਮ-ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ, ਓਕਲੈਂਡ ਰੋਡ, ਹੈਂਡਸਵਰਥ, ਬਰਮਿੰਘਮ, ਯੂ.ਕੇ ਵਿਖੇ ਗੁਰਦੁਆਰਾ ਸਾਹਿਬ ਦੇ ਟਰੱਸਟੀ ਸ. ਹਰਦੀਪ ਸਿੰਘ ਅਤੇ ਸ. ਮਨਜਿੰਦਰ ਸਿੰਘ ਦੀ ਅਗਵਾਈ ਵਿਚ ਨਵੰਬਰ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਅਤੇ ਚੁਪਹਿਰਾ ਸਾਹਿਬ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰੀ। ਇਸ ਮੌਕੇ ਬਰਮਿੰਘਮ ਅਤੇ ਆਲੇ ਦੁਆਲੇ ਦੇ ਖੇਤਰਾਂ ਦੀ ਸਿੱਖ ਸੰਗਤ ਨੇ ਇਸ ਸਮਾਗਮ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।

ਇਸ ਸਮਾਗਮ ਵਿਚ ਨਵੰਬਰ 1984 ਵਿਚ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਉਸ ਸਮੇਂ ਦੀ ਕਾਂਗਰਸ ਹਕੂਮਤ ਵੱਲੋ ਮਾਰੇ ਹਜ਼ਾਰਾਂ ਹੀ ਨਿਰਦੋਸ਼ ਸਿੱਖ, ਬੱਚੇ, ਬਜ਼ੁਰਗ ਅਤੇ ਔਰਤਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਅਰਦਾਸ ਕੀਤੀ ਗਈ। ਇਸ ਮੌਕੇ ਸੰਗਤਾਂ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਚੁਪਹਿਰਾ ਸਾਹਿਬ ਵਿਚ ਗੁਰਬਾਣੀ ਦੇ ਪਾਠ ਕੀਤੇ ਗਏ। ਸਮਾਗਮ ਦੀ ਸਮਾਪਤੀ ਸਮੇਂ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਲਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਅਤੇ ਗ੍ਰੰਥੀ ਭਾਈ ਜਤਿੰਦਰ ਸਿੰਘ ਪਟਿਆਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਹਰਜੋਤ ਸਿੰਘ ਬੈਂਸ ਨੇ ਪੰਜਾਬ ਯੂਨੀਵਰਸਿਟੀ ਸੈਨੇਟ ਨੂੰ ਭੰਗ ਕਰਨ ਦੀ ਕੀਤੀ ਸਖ਼ਤ ਆਲੋਚਨਾ

ਚੰਡੀਗੜ੍ਹ : ਪੰਜਾਬ ਯੂਨੀਵਰਸਿਟੀ ਦੀ 59 ਸਾਲ ਪੁਰਾਣੀ ਸੈਨੇਟ ਅਤੇ ਸਿੰਡੀਕੇਟ ਨੂੰ ਮਨਮਾਨੇ ਢੰਗ ਨਾਲ ਭੰਗ ਕਰਨ ਦੇ ਫੈਸਲੇ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇਸ ਤਾਨਾਸ਼ਾਹੀ ਫੈਸਲੇ ਨੂੰ ਪੰਜਾਬ ਦੀ ਗੌਰਵਮਈ ਵਿਰਾਸਤ, ਲੋਕਤੰਤਰ ਅਤੇ ਬੌਧਿਕਤਾ ਉਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸ਼ਾਸਨ ਨਹੀਂ ਬਲਕਿ ਰਾਜਸੀ ਧੱਕੇਸ਼ਾਹੀ ਹੈ। ਕੇਂਦਰ ਦਾ ਇਹ ਆਪਹੁਦਰਾ ਕਦਮ ਪੰਜਾਬ ਦੀ ਮਿਹਨਤ ਨਾਲ ਹਾਸਲ ਕੀਤੀ ਖ਼ੁਦਮੁਖਤਿਆਰੀ, ਅਕਾਦਮਿਕ ਆਜ਼ਾਦੀ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਢਾਹ ਲਾਉਣ ਵਾਲਾ ਹੈ।

ਇਹ ਪੰਜਾਬ ਦੀ ਰੂਹ ਉਤੇ ਹਮਲਾ ਹੈ। ਪੰਜਾਬ ਯੂਨੀਵਰਸਿਟੀ ਦੀ ਇਤਿਹਾਸਕ ਅਤੇ ਭਾਵਨਾਤਮਕ ਮਹੱਤਤਾ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਮਹਿਜ਼ ਯੂਨੀਵਰਸਿਟੀ ਨਹੀਂ ਸਗੋਂ ਦਹਾਕਿਆਂ ਦੇ ਸਮੂਹਿਕ ਯਤਨਾਂ, ਬੌਧਿਕਤਾ ਅਤੇ ਕੁਰਬਾਨੀਆਂ ਨਾਲ ਸਿਰਜਿਆ ਅਦਾਰਾ ਹੈ।

ਉਨ੍ਹਾਂ ਨੇ ਸੈਨੇਟ ਭੰਗ ਕਰਨ ਪਿਛਲੀ ਕੋਝੀ ਮਾਨਸਿਕਤਾ ’ਤੇ ਸਵਾਲ ਉਠਾਉਂਦਿਆਂ ਪਿਛਲੀਆਂ ਸੈਨੇਟ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਦੁਆਰਾ ਦਿੱਤੇ ਗਏ ਵੱਡੇ ਫਤਵੇ ਦਾ ਜ਼ਿਕਰ ਵੀ ਕੀਤਾ। ਹਰਜੋਤ ਸਿੰਘ ਬੈਂਸ ਨੇ ਸਵਾਲ ਕੀਤਾ, “ਕੇਂਦਰ ਦੀ ਛੇ ਦਹਾਕੇ ਪੁਰਾਣੀ ਲੋਕਤੰਤਰੀ ਸੰਸਥਾ ਨੂੰ ਖਤਮ ਕਰਨ ਦੀ ਹਿੰਮਤ ਕਿਵੇਂ ਹੋਈ?”

ਸੈਨੇਟ ਚੋਣਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਿਛਲੀਆਂ ਸੈਨੇਟ ਚੋਣਾਂ ਵਿੱਚ ਗ੍ਰੈਜੂਏਟ ਹਲਕੇ ਲਈ ਪੰਜਾਬ ਦੇ ਲੋਕਾਂ ਨੇ ਸਾਰੀਆਂ ਸੀਟਾਂ ਜਿੱਤ ਕੇ ਆਪਣੇ ਨੁਮਾਇੰਦੇ ਚੁਣੇ ਸਨ। ਇਹ ਲੋਕਾਂ ਦਾ ਸਪੱਸ਼ਟ ਫਤਵਾ ਸੀ। ਹੁਣ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ, ਜੋ ਬੈਲਟ ਬਾਕਸ ਰਾਹੀਂ ਭਰੋਸਾ ਨਹੀਂ ਜਿੱਤ ਸਕੀ, ਆਪਣੇ ਹੱਥ-ਠੋਕਿਆਂ ਨੂੰ ਅੱਗੇ ਲਿਆ ਕੇ ਇਸ ਸਤਿਕਾਰਤ ਤੇ ਇਤਿਹਾਸਕ ਯੂਨੀਵਰਸਿਟੀ ਨੂੰ ਸਿਆਸਤ ਦਾ ਅਖਾੜਾ ਬਣਾਉਣਾ ਚਾਹੁੰਦੀ ਹੈ।

ਇਸ ਕਦਮ ਨੂੰ ‘ਕਬਜ਼ੇ ਅਤੇ ਧੱਕੇਸ਼ਾਹੀ ਭਰੀ ਕਾਰਵਾਈ’ ਦੱਸਦਿਆਂ ਸਿੱਖਿਆ ਮੰਤਰੀ ਨੇ ਕੇਂਦਰ ਵੱਲੋਂ ਕੰਟਰੋਲ ਦਾ ਕੇਂਦਰੀਕਰਨ ਕਰਨ, ਪੰਜਾਬ ਦੀ ਵੱਖਰੀ ਆਵਾਜ਼ ਨੂੰ ਦਬਾਉਣ ਅਤੇ ਭਾਰਤੀ ਸੰਵਿਧਾਨ ਵਿੱਚ ਦਰਜ ਸੰਘਵਾਦ ਦੇ ਸਿਧਾਂਤਾਂ ਨੂੰ ਯੋਜਨਾਬੱਧ ਢੰਗ ਨਾਲ ਢਾਹ ਲਗਾਉਣ ਪਿੱਛੇ ਲੁਕੀ ਹੋਈ ਖ਼ਤਰਨਾਕ ਸਾਜ਼ਿਸ਼ ਨੂੰ ਉਭਾਰਿਆ।

ਸਿੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਿੱਧੇ ਤੌਰ ’ਤੇ ਅਸਹਿਮਤੀ ਨੂੰ ਦਬਾਉਣ ਅਤੇ ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਗਾਉਣ ਦੀ ਇੱਕ ਸੋਚੀ-ਸਮਝੀ ਕੋਸ਼ਿਸ਼ ਹੈ। ਪਰ ਪੰਜਾਬ ਇਸ ਤਾਨਾਸ਼ਾਹੀ ਅੱਗੇ ਨਹੀਂ ਝੁਕੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਕਾਦਮਿਕ ਭਾਈਚਾਰੇ - ਅਧਿਆਪਕਾਂ, ਵਿਦਿਆਰਥੀਆਂ ਅਤੇ ਸਟਾਫ਼ ਨਾਲ ਮਿਲ ਕੇ-ਹਰ ਲੋਕਤੰਤਰੀ ਮੰਚ ਉਤੇ ਕੇਂਦਰ ਸਰਕਾਰ ਦੇ ਇਸ ਕਦਮ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਅਤੇ ਪੰਜਾਬ ਦੀ ਸ਼ਾਨਾਮੱਤੀ ਵਿਰਾਸਤ ਅਤੇ ਅਧਿਕਾਰਾਂ ਦੀ ਰੱਖਿਆ ਲਈ ਸਾਰੇ ਕਾਨੂੰਨੀ ਅਤੇ ਸੰਵਿਧਾਨਕ ਤਰੀਕਿਆਂ ਦੀ ਪੜਚੋਲ ਕੀਤੀ ਜਾਵੇਗੀ।

ਉਨ੍ਹਾਂ ਨੇ ਸਪੱਸ਼ਟ ਤੌਰ ਉਤੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਅਤੇ ਇਸਦੇ ਲੋਕਾਂ ਦੀ ਹੈ ਅਤੇ ਇਸ ਦਾ ਇਤਿਹਾਸ ਅਤੇ ਭਵਿੱਖ ਪੰਜਾਬ ਨਾਲ ਜੁੜਿਆ ਹੋਇਆ ਹੈ। ਇਹ ਕਿਸੇ ਤਾਨਾਸ਼ਾਹ ਕੇਂਦਰ ਦੀ ਨਿੱਜੀ ਮਿਲਕੀਅਤ ਨਹੀਂ, ਜੋ ਇਸਨੂੰ ਮਨਮਾਨੇ ਢੰਗ ਨਾਲ ਚਲਾਉਣਾ ਅਤੇ ਦਬਾਉਣਾ ਚਾਹੁੰਦਾ ਹੈ। ਪੰਜਾਬ ਦੇ ਲੋਕ ਇਸ ਸਿਆਸੀ ਧੱਕੇਸ਼ਾਹੀ ਨੂੰ ਕਿਸੇ ਵੀ ਸੂਰਤ ਵਿੱਚ ਸਿਰੇ ਨਹੀਂ ਚੜ੍ਹਨ ਦੇਣਗੇ।

# ਨਵੰਬਰ 1984 ਸਿੱਖ ਨਸਲਕੁਸ਼ੀ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ

ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਅੱਜ ਤੱਕ 1984 ਵਿੱਚ ਕੀਤੇ ਗਏ ਕਤਲੇਆਮ ਦਾ ਇਨਸਾਫ਼ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਨਸਲਕੁਸ਼ੀ ਕਰਨ ਵਾਲੇ ਬਹੁਤੇ ਦੋਸ਼ੀ ਫੜੇ ਨਹੀਂ ਗਏ ਅਤੇ ਖ਼ਾਸਕਰ ਕਾਂਗਰਸ ਦੇ ਵੱਡੇ ਆਗੂ ਅੱਜ ਵੀ ਅਜ਼ਾਦ ਹਨ ਜਦਕਿ ਪੀੜਤ ਸਿੱਖ ਪਰਿਵਾਰ ਉਨ੍ਹਾਂ ਨੂੰ ਸਜ਼ਾਵਾਂ ਦੀ ਰਾਹ ਦੇਖ ਰਹੇ ਹਨ ਜੋ ਕਿ ਜਮਹੂਰੀ ਕਹੇ ਜਾਣ ਵਾਲੇ ਭਾਰਤ ਦੇ ਮੱਥੇ ਉੱਤੇ ਕਾਲਾ ਧੱਬਾ ਹੈ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਅੰਦਰ ਘੱਟ ਗਿਣਤੀਆਂ ਖ਼ਾਸਕਰ ਸਿੱਖਾਂ ਨੂੰ ਇਨਸਾਫ਼ ਦੇਣ ਦੀ ਗੱਲ ਆਉਂਦੀ ਹੈ ਤਾਂ ਸਰਕਾਰੀ ਤੰਤਰ ਦੇ ਮਾਪਦੰਡ ਬਦਲ ਕੇ ਵਿਤਕਰੇ ਵਾਲੇ ਹੋ ਜਾਂਦੇ ਹਨ।

ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਸਿੱਖਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਜਦੋਂ ਸਿੱਖ ਨਸਲਕੁਸ਼ੀ ਦੀ ਗੱਲ ਆਉਂਦੀ ਹੈ ਤਾਂ ਬਹੁਤਾਤ ਧਿਰਾਂ ਇੱਕ ਪਾਸੇ ਸਾਡੇ ਵਿਰੁੱਧ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਜਾਂ ਕਾਂਗਰਸੀ ਆਗੂਆਂ ਉੱਤੇ ਦੋਸ਼ ਲੱਗੇ, ਸਰਕਾਰਾਂ ਤੇ ਏਜੰਸੀਆਂ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਸੰਜੀਦਗੀ ਤੇ ਇਮਾਨਦਾਰੀ ਨਾਲ ਜਾਂਚ ਕਰਨ ਦੀ ਸੀ ਜੋ ਕਿ ਨਹੀਂ ਹੋਈ ਲੇਕਿਨ ਸਿੱਖ ਚੇਤਨਾ ਅਜਿਹੇ ਸਾਰੇ ਲੋਕਾਂ ਨੂੰ ਅੰਦਰੋਂ ਦੋਸ਼ੀ ਮੰਨਦੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਜਿਹੜੇ ਵੀ ਲੋਕਾਂ ਤੇ ਕਾਂਗਰਸ ਦੇ ਆਗੂਆਂ ਦਾ ਸਿੱਖ ਨਸਲਕੁਸ਼ੀ ਵਿੱਚ ਨਾਮ ਆਇਆ ਹੈ ਸਿੱਖਾਂ ਤੇ ਸਿੱਖ ਅਦਾਕਾਰਾਂ ਨੂੰ ਉਨ੍ਹਾਂ ਨਾਲ ਮੇਲ ਮਿਲਾਪ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਨਹੀਂ ਤਾ ਇਹ ਸਿੱਖ ਕੌਮ ਦੇ ਅੱਲ੍ਹੇ ਜਖਮਾਂ ਉੱਤੇ ਲੂਣ ਛਿੜਕਣ ਵਾਲੀ ਗੱਲ ਹੈ।

ਬੀਤੇ ਦਿਨੀਂ ਦਿਲਜੀਤ ਦੋਸਾਂਝ ਵੱਲੋਂ ਫਿਲਮ ਅਦਾਕਾਰ ਅਤੇ ਕਾਂਗਰਸੀ ਆਗੂ ਰਹੇ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਣ ਦੇ ਮਸਲੇ ਉੱਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਅਮਿਤਾਭ ਬੱਚਨ ਆਪਣੇ ਉੱਤੇ ਲੱਗੇ ਦੋਸ਼ਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇ ਆਪਣੇ ਪੱਤਰ ਰਾਹੀਂ ਭੱਜਦਾ ਹੈ, ਲੇਕਿਨ ਉਸ ਵਿਰੁੱਧ ਚਸ਼ਮਦੀਦ ਗਵਾਹ ਸ. ਮਨਜੀਤ ਸਿੰਘ ਸੈਣੀ ਦੀ ਦਿੱਤੀ ਗਈ ਗਵਾਹੀ ਦੀ ਜਾਂਚ ਸਰਕਾਰ ਤੇ ਏਜੰਸੀਆਂ ਵੱਲੋਂ ਨਹੀਂ ਕੀਤੀ ਗਈ, ਇਸ ਲਈ ਸਿੱਖ ਚੇਤਨਾ ਅੰਦਰ ਅਜੇ ਤੱਕ ਉਹ ਸੁਰਖ਼ਰੂ ਨਹੀਂ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖਾਂ ਲਈ 1984 ਸਿੱਖ ਨਸਲਕੁਸ਼ੀ ਦਾ ਵਰਤਾਰਾ ਨਾ ਭੁੱਲਣਯੋਗ, ਨਾ ਬਖ਼ਸ਼ਣਯੋਗ ਅਤੇ ਨਾ ਸਹਿਣਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਅੰਦਰ ਪਹਿਲਾਂ ਵੀ ਘੱਲੂਘਾਰਿਆਂ ਵਿੱਚੋਂ ਲੰਘੇ ਹਨ, ਇਸ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿੱਚ ਹਨ। ਅੱਜ ਸਿੱਖ ਕੌਮ ਚੜ੍ਹਦੀ ਕਲਾ ਨਾਲ ਵਿਸ਼ਵ ਭਰ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦਾ ਪ੍ਰਚਾਰ ਪ੍ਰਸਾਰ ਕਰ ਰਹੀ ਹੈ ਅਤੇ ਆਪਣੀ ਇਮਾਨਦਾਰੀ ਤੇ ਲਿਆਕਤ ਨਾਲ ਚੰਗੇ ਰੁਤਬੇ ਹਾਸਲ ਕਰ ਰਹੀ ਹੈ।



ਉਨ੍ਹਾਂ ਕਿਹਾ ਕਿ ਸਾਡੇ ਕਾਤਲਾਂ ਅਤੇ ਸਿੱਖ ਪਛਾਣ ਨੂੰ ਜਜ਼ਬ ਕਰਨ ਵਾਲੀਆਂ ਸ਼ਕਤੀਆਂ ਨੂੰ ਇਸ ਗੱਲ ਦਾ ਭਰਮ ਹੈ ਕਿ ਉਹ ਸਿੱਖਾਂ ਨੂੰ ਮੁਕਾ ਦੇਣਗੇ ਪਰ ਸਿੱਖਾਂ ਨੂੰ ਗੁਰੂ ਦਾ ਥਾਪੜਾ ਹੈ।

ਜਥੇਦਾਰ ਗੜਗੱਜ ਨੇ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਕਿ 1984 ਸਿੱਖ ਨਸਲਕੁਸ਼ੀ ਦਾ ਸੇਕ ਝੱਲਣ ਵਾਲੇ ਸਮੂਹ ਪਰਿਵਾਰ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਚੰਗਾ ਜੀਵਨ ਬਤੀਤ ਕਰਨ।

# ਸਿੱਖਾਂ ਵਿਰੁੱਧ ਵਧ ਰਹੇ ਨਸਲੀ ਤੇ ਨਫ਼ਰਤੀ ਹਮਲਿਆਂ ਨੂੰ ਲੈ ਕੇ ਬਰਤਾਨੀਆਂ ਦੀ ਸੰਸਦ ’ਚ ਚਰਚਾ




ਲੰਡਨ: ਬਰਤਾਨੀਆਂ ਦੀ ਸੰਸਦ ’ਚ ਸਿੱਖਾਂ ਵਿਰੁੱਧ ਨਸਲੀ ਅਤੇ ਨਫਰਤੀ ਹਮਲਿਆਂ ਨੂੰ ਲੈ ਕੇ ’ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਗੁਰੂ ਸਿੱਖਸ ਅਤੇ ਸਿੱਖ ਫੈਡਰੇਸ਼ਨ ਯੂਕੇ’ ਵਲੋਂ 1984 ਦੀ ਨਸਲਕੁਸ਼ੀ ਨੂੰ ਸਮਰਪਿਤ ਸਮਾਗਮ ’ਚ ਵੈਸਟ ਮਿਡਲੈਂਡ ’ਚ ਦੋ ਪੰਜਾਬੀ ਔਰਤਾਂ ’ਤੇ ਹੋਏ ਨਫਰਤੀ ਅਤੇ ਜਬਰ ਜਨਾਹ ਵਰਗੇ ਹਮਲਿਆਂ ਦੀ ਕਰੜੀ ਨਿੰਦਾ ਕੀਤੀ ਗਈ। ਐਮ.ਪੀ. ਜਸਬੀਰ ਸਿੰਘ ਅਠਵਾਲ ਚੇਅਰਮੈਨ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ, ਤੀਰਥ ਕੌਰ ਲਿਬਰਲ ਡੈਮੋਕ੍ਰੇਟਿਕ ਦੀ ਐਮ.ਪੀ ਮੈਰੀ ਗੋਲਡਮੈਨ, ਐਮ.ਪੀ. ਸ਼ੁਰੀਨਾ ਬੈਕਨਰਿਜ, ਘੱਟ ਗਿਣਤੀ ਗਰੁੱਪ ਵਲੋਂ ਸ਼ਰੇਸ਼ ਗਰੋਵਰ, ਸ਼ੈਡ ਵਿਦੇਸ਼ ਰਾਜ ਮੰਤਰੀ ਐਮ.ਪੀ. ਵੈਂਡੀ ਮੋਰਟਨ ਮਾਈਕ, ਐਮ.ਪੀ.

ਮਾਈਕ ਵੁੱਡ, ਸਿੱਖ ਫੈਡਰੇਸ਼ਨ ਦੇ ਜਸ ਸਿੰਘ, ਐਮ.ਪੀ. ਸ਼ੌਕਤ ਐਡਮ, ਦਬਿੰਦਰਜੀਤ ਸਿੰਘ ਓ ਬੀ ਈ, ਸਰਬਜੀਤ ਕੌਰ, ਐਮ. ਪੀ. ਪ੍ਰੀਤ ਕੌਰ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਨਫਰਤੀ ਵਤੀਰਾ ਪਹਿਲਾਂ ਕਦੇ ਨਹੀਂ ਦੇਖਿਆ ਸੀ। ਉਨ੍ਹਾਂ ਕਿਹਾ ਕਿ ਅਸੀਂ ਬਰਤਾਨੀਆਂ ਨੂੰ ਅਮਰੀਕਾ ਨਹੀਂ ਬਣਨ ਦੇਵਾਂਗੇ। ਵਿਸ਼ਵ ਯੁੱਧਾਂ ’ਚ ਸਿੱਖਾਂ ਦੇ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਜੱਗੀ ਜੌਹਲ ਦੀ ਰਿਹਾਈ ਦਾ ਮਾਮਲਾ ਵੀ ਉਠਾਇਆ। ਇਸ ਮੌਕੇ ਐਮ.ਪੀ. ਡਾ: ਲੌਰੇਨ ਸੁਲੀਵਾਨ, ਐਮ.ਪੀ. ਮੈਟ ਵੈਸਟਰਨ, ਐਮ.ਪੀ. ਗਗਨ ਮੋਹਿੰਦਰਾ ਆਦਿ ਤੋਂ ਇਲਾਵਾ ਭਾਈ ਅਮਰੀਕ ਸਿੰਘ ਗਿੱਲ, ਗੁਰਪ੍ਰਤਾਪ ਸਿੰਘ ਢਿੱਲੋਂ, ਹਰਨੇਕ ਸਿੰਘ, ਮਨਕਮਲ ਸਿੰਘ ਆਦਿ ਹਾਜ਼ਰ ਸਨ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈ ਹੋਣ।
ਆਓ, ਅਸੀਂ ਸਾਰੇ ਗੁਰੂ ਜੀ ਦੇ ਦੱਸੇ ਮਾਰਗ ’ਤੇ ਚੱਲ ਕੇ ਸੰਸਾਰ ਵਿੱਚ ਫੈਲੀਆਂ ਬੁਰਾਈਆਂ ਨੂੰ ਖਤਮ ਕਰੀਏ!
ਵੱਲੋਂ: ਖ਼ਾਲਸਾ ਅਖ਼ਬਾਰ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿਚ ਚਾਂਦੀ ਦਾ ਯਾਦਗਾਰੀ ਸਿੱਕਾ ਜਾਰੀ



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਚਾਂਦੀ ਦਾ ਸਿੱਕਾ ਜਾਰੀ ਕੀਤਾ।

ਇਹ ਸਿੱਕਾ ਸਰਕਾਰੀ ਟਕਸਾਲ ਐੱਮ ਐੱਮ ਟੀ ਸੀ ਨੇ ਬਣਾ ਕੇ ਜਾਰੀ ਕੀਤਾ ਤੇ ਇਸ ਦਾ ਵਜ਼ਨ 20 ਗ੍ਰਾਮ ਹੈ ਵਰਤਮਾਨ ਚਾਂਦੀ ਦੇ ਭਾਅ ਦੇ ਹਿਸਾਬ ਨਾਲ ਇਸ ਦਾ ਮੁੱਲ 6000 ਰੁਪਏ ਹੈ।

ਸਿੱਕਾ ਜਾਰੀ ਕਰਨ ਸਮੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ , ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਕਾਹਲੋਂ , ਧਰਮ ਪ੍ਰਚਾਰ ਵਿੰਗ ਦੇ ਮੁਖੀ ਜਸਪ੍ਰੀਤ ਸਿੰਘ ਕਰਮਸਰ ਮੌਜੂਦ ਸਨ। ਟਕਸਾਲ ਦੇ ਅਧਿਕਾਰੀਆਂ ਨੇ ਇਹ ਸਿੱਕੇ ਦਿਖਾਏ। ਸਿੱਕੇ ਉੱਪਰ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਗੁਰਦੁਆਰਾ ਸੀਸ ਗੰਜ ਸਾਹਿਬ ਦੀ ਤਸਵੀਰ ਉੱਕਰੀ ਹੋਈ ਹੈ। ਸ. ਕਾਲਕਾ ਨੇ ਦੱਸਿਆ ਕਿ ਇਹ ਸਿੱਕਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੰਗਲਾ ਸਾਹਿਬ ਅਤੇ ਸੀਸ ਗੰਜ ਸਾਹਿਬ ਦੇ ਧਾਰਮਿਕ ਪੁਸਤਕ ਭੰਡਾਰਾਂ, ਸਰਕਾਰੀ ਅਦਾਰਿਆਂ ਅਤੇ ਬਾਜ਼ਾਰਾਂ ਦੇ ਅਹਿਮ ਸ਼ੋਅਰੂਮਾਂ ਤੋਂ ਵੀ ਮਿਲ ਸਕੇਗਾ।

# ਦੇਵਾਨ ਦੇਵ ਗੁਰੂ ਨਾਨਕ ਦੇਵ

ਕਰ ਜੋਰੂੰ ਪਰਣਾਮ ਕਰ ਧਰੋ ਚਰਨ ਪਰ ਸੀਸ।
ਨਾਨਕ ਤੁਮ ਗੁਰਦੇਵ ਜੀ ਪੂਰਨ ਵਿਸ੍ਵੇ ਬੀਸ।
ਪਰਮਹੰਸ ਤਾਰਨ ਤਰਨ ਗੁਰੂ ਦੇਵਨ ਕੇ ਦੇਵ।
ਅਨਭੈ ਬਾਣੀ ਦੀਜਿਯੇ ਨਾਨਕ ਪਾਵੈ ਭੇਵ ॥
(ਗੁਰ ਮਹਿਮਾ ਰਤਨਾਵਲੀ)

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹਨ ਤਾਂ ਫੁਰਮਉਂਦੇ ਹਨ:

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਹੁਣ "ਸਭ ਤੇ ਵਡਾ" ਲਈ ਜੇਕਰ ਧਰਮਿਕ ਖੇਤਰ ਵਿਚ ਕੋਈ ਲਫ਼ਜ਼ ਹੈ ਤਾਂ ਉਹ ਹੈ ਦੇਵ।ਸੰਸਕ੍ਰਿਤ ਵਿਚ ਦੇਵ ਦਾ ਅਰਥ ਰੱਬ ਜਾਂ ਪਰਮਾਤਮਾ ਹੁੰਦਾ ਹੈ।ਦੇਵੀ ਦੇਵਤੇ ਦੇਵ ਦੇ ਤੁਲ ਨਹੀਂ ਹੁੰਦੇ। ਯੂਨਾਨੀ ਜਾਂ ਗ੍ਰੀਕ ਗ੍ਰੰਥਾਂ ਵਿਚ ਵੀ ਰੱਬ ਜਾਂ ਪਰਮਾਤਮਾ ਲਈ ਲਫ਼ਜ਼ deus ਆਇਆ ਹੈ। ਇਹ ਪੁਰਤਗਾਲੀ, ਸਪੈਨਿਸ਼, ਫਰੈਂਚ, ਇਤਾਲਵੀ, ਰੋਮਾਨੀਅਨ ਨੇ ਅਪਣਾਇਆ ਅਤੇ ਇਸਦਾ ਮਤਲਬ ਆਕਾਸ਼ ਜਾਂ ਸਵਰਗ ਲੋਕ ਲਿਖਿਆ। ਇਸੇ deus ਨੂੰ ਯਹੂਦੀਆਂ ਨੇ dio/dyo ਕਰ ਕੇ ਲਿਖਿਆ। ਇਸੇ ਤੋਂ ਡਿਵਨਿਟੀ ਜਾਂ ਰੁਹਾਨੀਅਤ ਲਫ਼ਜ਼ ਨਿਕਲਿਆ।ਸੋ ਸਭ ਤੋਂ ਵੱਡੀ ਹਸਤੀ ਲਈ ਧਰਮ ਦੀ ਦੁਨੀਆ ਵਿਚ ਦੇਵ ਕਿਹਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਸੱਚਖੰਡ ਤੋਂ ਇਸ ਮਾਤ ਲੋਕ ਵਿਚ ਪਠਾਏ ਗਏ।

ਪੰਚਮ ਪਿਤਾ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਸ਼ਬਦ ਨਾਲ ਮੁਖਾਤਬ ਕਰਦੇ ਹਨ:

ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਕਹਿਣ ਬਾਬਤ ਕਮਾਲ ਦੀ ਉਦਾਹਰਨ ਦਿੰਦੇ ਹਨ:

ਸੋਰਠਾ: ਅਬਿਗਤਿ ਅਲਖ ਅਭੇਵ ਅਗਮ ਅਪਾਰ ਅਨੰਤ ਗੁਰ ॥
ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ ॥
ਦੋਹਰਾ: ਅਗਮ ਅਪਾਰ ਅਨੰਤ ਗੁਰ ਅਬਿਗਤਿ ਅਲਖ ਅਭੇਵ ॥
ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਨਾਨਕ ਦੇਵ ॥
ਛੰਤ: ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿ ॥
ਨਾਦ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿ ॥(ਕਬਿੱਤ ੩)
– ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ॥
(ਵਾਰ ਭਾਈ ਗੁਰਦਾਸ ਜੀ)

ਗੁਰੂ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਦੀ ਚਕਾਚੋਂਧ ਸੂਰਜ ਨਿਕਲਣ ਦੀ ਨਿਆਈਂ ਸੀ। ਇਸ ਵਿਚ ਐਸੇ ਵੀ ਲਖਸ਼ਮੀ ਵਾਹਨ ਪ੍ਰਗਟ ਹੋਏ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦੇਵ ਰੂਪ ਨੇ ਹੀ ਚੁੰਧਿਆ ਦਿੱਤਾ।

ਈਸਵੀ ਸੰਨ 1969 ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜਵੀਂ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਦੇ ਮੌਕੇ 'ਤੇ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵੱਲੋਂ ਇਕ ਯਾਦਗਾਰੀ ਪੁਸਤਕ 'ਗੁਰੂ ਨਾਨਕ' ਛਾਪੀ ਗਈ ਸੀ।ਇਸ ਵਿਚ ਮੋਹਸਿਨ ਫ਼ਾਨੀ ਦੇ 'ਦਬਿਸਤਾਨਿ ਮਜਾਹਿਬ' ਦੇ ਹਵਾਲੇ ਨਾਲ ਐਸ. ਕੇ. ਰਾਮਚੰਦਰ ਰਾਉ ਦਾ 'ਰਹੱਸਵਾਦੀ ਨਾਨਕ' ਸਿਰਲੇਖ ਹੇਠ ਇਕ ਲੇਖ ਛਪਿਆ ਸੀ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਛਲੇ ਜਨਮ ਅਤੇ ਉਨ੍ਹਾਂ ਦੇ ਪ੍ਰਕਾਸ਼ਮਾਨ ਹੋਣ ਦੇ ਕਾਰਨਾਂ ਨੂੰ ਬਿਆਨ ਕੀਤਾ ਗਿਆ ਸੀ।ਇਸ ਵਿਚ ਕਿਹਾ ਗਿਆ:

"ਦਬਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿਚ ਆਗਮਨ ਸੰਬੰਧੀ ਇਕ ਸਾਖੀ ਦਰਜ ਹੈ ਜਿਸ ਦਾ ਸੰਬੰਧ ਉਨ੍ਹਾਂ ਦੇ ਪੂਰਬਲੇ ਜੀਵਨ ਨਾਲ ਹੈ। ਕਹਿੰਦੇ ਹਨ ਕਿ ਉਸ ਜੀਵਨ ਯਾਤ੍ਰਾ ਦੇ ਅੰਤ ਉਤੇ ਉਨ੍ਹਾਂ ਦੀ ਆਤਮਾ ਨੇ ਦੋ ਮਾਰਗਾਂ ਵਿੱਚੋਂ ਇਕ ਦੀ ਚੋਣ ਕਰਨੀ ਸੀ। ਇਨ੍ਹਾਂ ਵਿੱਚੋਂ ਇਕ ਸਵਰਗ ਨੂੰ ਜਾਂਦਾ ਸੀ ਅਤੇ ਦੂਜਾ ਨਰਕ ਨੂੰ। ਨਾਨਕ (ਸ੍ਰੀ ਗੁਰੂ ਨਾਨਕ ਦੇਵ ਜੀ) ਦੀ ਆਤਮਾ ਨੇ ਅਜੀਬ ਚੋਣ ਕੀਤੀ।ਉਹ ਨਰਕ ਦੇ ਮਾਰਗ 'ਤੇ ਚੱਲ ਪਈ।ਉਨ੍ਹਾਂ ਦੀ ਆਤਮਾ ਸੜਦੇ ਬਲਦੇ ਨਰਕ ਦੇ ਦੁਆਰ 'ਤੇ ਪਹੁੰਚੀ ਤਾਂ ਪਾਪ-ਗ੍ਰਸੀਆਂ ਲੁਛਦੀਆਂ ਅਤੇ ਤੜਪਦੀਆਂ ਰੂਹਾਂ ਨੂੰ ਸ਼ਾਂਤੀ ਮਿਲ ਗਈ।ਨਾਨਕ ਦੀ ਨੂਰੀ ਆਤਮਾ ਦੀ ਇਕ ਕਿਰਨ ਦੇ ਚਾਨਣ ਨੇ ਹੀ ਨਰਕੀ ਰੂਹਾਂ ਦੇ ਸਾਰੇ ਪਾਪ ਧੋ ਦਿੱਤੇ ਤੇ ਉਹ ਸਾਰੀਆਂ ਸਵਰਗ ਦੀਆਂ ਹੱਕਦਾਰ ਬਣ ਗਈਆਂ।ਪਰ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਇਹ ਪਾਪੀ ਸਵਰਗ ਵਿਚ ਪੈਰ ਨਹੀਂ ਧਰ ਸਕਦੇ। ਪਹਿਲਾਂ ਸੰਸਾਰ ਵਿਚ ਜਨਮ ਲਉ ਅਤੇ ਇਨ੍ਹਾਂ ਨੂੰ ਮੁਕਤ ਕਰੋ, ਤਾਂ ਹੀ ਇਹ ਸਵਰਗ ਵਿਚ ਪ੍ਰਵੇਸ਼ ਕਰ ਸਕਣਗੀਆਂ ਸੋ ÷ਗੁਰਮੁਖ ਕਲ ਵਿਚ ਪ੍ਰਗਟ ਹੋਆ।

ਉਕਤ ਲਿਖਤ ਵਿੱਚੋਂ ਇਕ ਅਹਿਮ ਨੁਕਤਾ ਉਜਾਗਰ ਹੁੰਦਾ ਹੈ ਕਿ ਆਮ ਤੌਰ 'ਤੇ ਭਗਤੀ ਕੀਤੀ ਜਾਂਦੀ ਹੈ ਅਤੇ ਘਾਲਣਾ ਪੂਰੀ ਹੋਣ 'ਤੇ ਮੁਕਤੀ ਦਾ ਦਰ ਪ੍ਰਾਪਤ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਿਛਲੇ ਜਨਮ ਵਿਚ ਭਾਰੀ ਤਪੱਸਿਆ ਕੀਤੀ ਅਤੇ ਮੁਕਤੀ ਪ੍ਰਾਪਤ ਹੋ ਗਈ।ਜਿਸ ਪਾਵਨ ਦੇਹ ਵਿਚ ਨਿਰੰਕਾਰ ਨੇ ਗੁਰਬਾਣੀ ਰੂਪ ਹੋ ਕੇ ਵਿਰਾਜਮਾਨ ਹੋਣਾ ਸੀ ਉਸ ਦੀ ਤਿਆਰੀ ਇਸ ਭਾਰੀ ਤਪੱਸਿਆ ਬਿਨਾਂ ਕਿਵੇਂ ਹੋ ਸਕਦੀ ਸੀ।ਦੂਸਰੇ ਪਾਸੇ ਪਾਪਾਂ ਗ੍ਰਸੀ ਧਰਤੀ ਪੁਕਾਰ ਰਹੀ ਸੀ।ਅਕਾਲ ਪੁਰਖ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਜਨਮ ਮਰਨ ਤੋਂ ਮੁਕਤ ਹੋ ਚੁਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਤ ਲੋਕ ਵਿਚ ਭੇਜਿਆ।ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥(ਵਾਰ 1:23)।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥2 ॥
ਸ੍ਰੀ ਗੁਰੂ ਗ੍ਰੰਥ ਸਾਹਿਬ, 749)

ਜਗ ਮਾਹਿ ਪਠਾਇਆ ਦੇ ਬਚਨ ਅਨੁਸਾਰ ਜਗਤ ਉਧਾਰਣ ਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਮਾਤ ਲੋਕ ਵਿਚ ਹੋਇਆ।ਇੱਥੇ ਆ ਕੇ ਗੁਰੂ ਸਾਹਿਬ ਜੀ ਨੇ ਫਿਰ ਘਾਲਣਾ ਘਾਲੀ।ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ:

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ।
ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ 1:24)

ਗੁਰਮਤਿ ਦੇ ਰਹੱਸਵਾਦ ਦਾ ਇਕ ਗੰਭੀਰ ਨੁਕਤਾ ਵਿਚਾਰਨ ਯੋਗ ਹੈ।ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ, ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ:

ਨਾਰਾਇਣ ਨਿਜ ਰੂਪਿ ਧਰਿ ਨਾਥਾ ਨਾਥ ਸਨਾਥ ਕਰਾਇਆ।
ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ। (ਵਾਰ 24:1)

ਅਕਾਲ ਪੁਰਖ ਦੀ ਜੋਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਪ੍ਰਗਟ ਹੋਈ। ਪੁਰਾਤਨ ਸ਼ਾਸਤ੍ਰਾਂ ਵਿਚ ਚਾਰ ਪ੍ਰਕਾਰ ਦੀ ਬਾਣੀ ਦਾ ਜ਼ਿਕਰ ਹੈ, ਪਰਾ, ਪਸ਼ਯੰਤੀ, ਮੱਧਮਾ ਅਤੇ ਬੈਖਰੀ। ਬਾਣੀ ਦੀ ਪਹਿਲੀ ਅਵਸਥਾ ਹੈ ਪਰਾ।ਇਸ ਦਾ ਸਥਾਨ ਧੁੰਨੀ ਜਾਂ ਨਾਭੀ ਤੋਂ ਥੋੜਾ ਹੇਠਾ ਮੰਨਿਆ ਗਿਆ ਹੈ।ਇਸ ਅਵਸਥਾ ਵਿਚ ਖਿਆਲ ਅਤੇ ਵਿਚਾਰ ਵਾ-ਵਰੋਲਾ ਜਿਹਾ ਬਣਦਾ ਹੈ। ਘਲਿਆਈ ਜਿਹੀ ਪੈਂਦੀ ਹੈ। ਇੱਥੇ ਬਾਣੀ ਦੇ ਕੋਈ ਸ਼ਬਦ ਨਹੀਂ ਹੁੰਦੇ, ਕੋਈ ਵਿਆਕਰਣ ਨਹੀਂ ਹੁੰਦੀ।

ਇਸ ਤੋਂ ਅਗਲੀ ਅਵਸਥਾ ਪਸ਼ਯੰਤੀ ਮੰਨੀ ਗਈ ਹੈ।ਇਸ ਵਿਚ ਸੀਨੇ ਦੇ ਕੋਲ ਬਾਣੀ ਦਾ ਰੂਪ ਬਣਦਾ ਹੈ।ਉਪਰੰਤ ਇਸ ਤੋਂ ਉਤਲੀ ਅਵਸਥਾ ਹੈ ਜਦੋਂ ਬਾਣੀ ਕੰਠ ਦੇ ਕੋਲ ਹੁੰਦੀ ਹੈ। ਇੱਥੇ ਲਫ਼ਜ਼ ਵੀ ਬਣ ਜਾਂਦੇ ਹਨ ਪਰ ਬਾਣੀ ਪ੍ਰਤੱਖ ਰੂਪ ਵਿਚ ਪ੍ਰਗਟ ਨਹੀਂ ਹੁੰਦੀ।ਜਿਵੇਂ ਕਈ ਵਾਰ ਕਈ ਕਹਿੰਦੇ ਹਨ ਕਿ ਕਹਿਣਾ ਚਾਹ ਰਿਹਾ ਹਾਂ ਪਰ ਅੱਖਰ ਨਹੀਂ ਔੜ ਰਹੇ।

ਇਸ ਤੋਂ ਅਗਲੀ ਅਤੇ ਅਖੀਰਲੀ ਅਵਸਥਾ ਹੈ ਬੈਖਰੀ ਬਾਣੀ।ਇਹ ਬਾਣੀ ਜਦੋਂ ਸ਼ਬਦ ਰੂਪ ਹੋ ਕੇ ਮੂੰਹ ਵਿੱਚੋਂ ਪ੍ਰਗਟ ਹੁੰਦੀ ਹੈ।ਇਹ ਸੁਣੀ ਅਤੇ ਸਮਝੀ ਜਾ ਸਕਦੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਸਰੀਰ ਵਿਚ ਨਿਰੰਕਾਰ ਪ੍ਰਭੂ ਨੇ ਪਰਾ ਰੂਪ ਹੋ ਕੇ ਪ੍ਰਵੇਸ਼ ਕੀਤਾ ਅਤੇ ਪਸ਼ਯੰਤੀ ਅਤੇ ਮੱਧਮਾ ਰੂਪਾਂ 'ਚੋਂ ਲੰਘ ਕੇ ਬੈਖਰੀ ਰੂਪ




ਵਿਚ ਇਹ ਪਾਵਨ ਬਾਣੀ ਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਰਿਤ ਹੋਈ। ਸਤਿਗੁਰ ਜੀ ਦੇ ਪਾਵਨ ਬਚਨ ਹਨ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਇਹ ਨਿਰੰਕਾਰ ਹੀ ਸੀ ਜਿਸ ਨੇ ਬਾਣੀ ਰੂਪ ਹੋ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾ ਕੀਤਾ:

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਹੁਣ ਇਹੀ ਗੁਰਬਾਣੀ ਉਚਾਰਨ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖਾਂ ਦੇ ਮੂੰਹ ਵਿਚ ਪਾਈ।ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਸਰੀਰ ਵੀ ਗੁਰੂ ਸੀ ਅਤੇ ਮੁਖਾਰਬਿੰਦ 'ਚੋਂ ਨਿਕਲੀ ਬਾਣੀ ਵੀ ਗੁਰੂ ਸੀ।ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥

ਪਰ ਮੁੜ ਜਦੋਂ ਗੁਰਸਿੱਖਾਂ ਦੇ ਮੂੰਹ ਵਿੱਚੋਂ ਇਹ ਬਾਣੀ ਉਚਰਿਤ ਹੋਈ ਤਾਂ ਬਾਣੀ ਤਾਂ ਨਿਰੰਕਾਰ ਹੀ ਸੀ ਪਰ ਉਹ ਬੋਲਣ ਪੜ੍ਹਨ ਵਾਲਾ ਸਿੱਖ ਗੁਰੂ ਨਹੀਂ ਸੀ।ਜੇ ਕੋਈ ਗੁਰੂ ਦੀ ਬਾਣੀ ਪੜ੍ਹ ਕੇ ਸੁਣਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਕੂੜਾ ਦਾਅਵਾ ਕਰਦਾ ਹੈ ਤਾਂ ਉਹ ਵੱਡਾ ਨੌਸਰਬਾਜ਼ ਅਤੇ ਪਾਖੰਡੀ ਹੈ।

ਸਤਿਗੁਰੂ ਜੀ ਨੇ ਇਹ ਬਾਣੀ ਕਿਵੇਂ ਸਿੱਖਾਂ ਨੂੰ ਦਿੱਤੀ ਉਸ ਬਾਰੇ ਵਿਚਾਰ ਜ਼ਰੂਰੀ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਕਿਹਾ ਗਿਆ ਸੀ ਗੁਰੋ: ਪਾਦੋਦਕੰ ਪੀਤਵਾ ਗੁਰੋਰੁਛਿਸ਼ਟਭੋਜਨਮ ਯਾਨਿ ਕਿ ਗੁਰੂ ਦੇ ਮੂੰਹ ਚੋਂ ਨਿਕਲੇ ਉਛਿੱਸ਼ਟ ਕੀਤੇ ਜੂਠੇ ਭੋਜਨ ਨੂੰ ਖਾਣਾ ਚਾਹੀਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਗੁਰੋਰੁਛਿਸ਼ਟਭੋਜਨਮ ਦੇ ਆਯਾਮ ਅਤੇ ਅਰਥ ਹੀ ਬਦਲ ਦਿੱਤੇ। ਸਤਿਗੁਰੂ ਜੀ ਨੇ ਵੀ ਗੁਰਸਿੱਖਾਂ ਨੂੰ ਉਛਿੱਸ਼ਟ ਭੋਜਨ ਦਿੱਤਾ। ਪਰ ਉਹ ਕੈਸਾ ਸੀ। ਸਤਿਗਰਾਂ ਨੇ ਨਾਮ ਰੂਪੀ ਅਗੰਮੀ ਇਲਾਹੀ ਭੋਜਨ ਆਪਣੇ ਮੂਹੋਂ ਉਚਾਰਨ ਕੀਤਾ ਅਤੇ ਗੁਰ ਮਿਤਾ ਪੁਤਾ ਭਾਈਆ ॥ਦੇ ਮੂੰਹ ਵਿਚ ਪਾਇਆ।ਸਾਖ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ:

–ਤੁਮ ਵਡ ਪੁਰਖ ਦੀਨ ਦੁਖ ਭੰਜਨ
ਹਰਿ ਦੀਓ ਨਾਮੁ ਮੁਖੇ ॥
–ਵਡਭਾਗੀ ਹਰਿ ਸੰਤੁ ਮਿਲਾਇਆ ॥
ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥

ਇਸ ਉਛਿੱਸ਼ਟ ਭੋਜਨ ਨੂੰ ਸਮਝਣ ਲਈ ਇਕ ਪੰਛੀ ਅਤੇ ਬੋਟ ਵੱਲ ਝਾਤ ਮਾਰਨੀ ਜ਼ਰੂਰੀ ਹੈ।ਬੋਟ ਪੰਛੀ ਦਾ ਉਹ ਨਵਜਾਤ ਸ਼ਿਸ਼ੂ ਹੁੰਦਾ ਹੈ ਜਿਸਦੇ ਹਾਲੇ ਪੰਖ ਵੀ ਨਹੀਂ ਨਿਕਲੇ। ਉਹ ਨਿਰਾ ਮਾਸ ਦਾ ਇਕ ਲੋਥੜਾ ਹੁੰਦਾ ਹੈ ਅਤੇ ਕੁਝ ਵੀ ਕਰ ਨਹੀਂ ਸਕਦਾ।ਉਸ ਬੋਟ ਦੀ ਮਾਂ ਆਪਣੇ ਮੂੰਹ ਵਿੱਚੋਂ ਭੋਜਨ ਦਾ ਟੁੱਕੜਾ ਉਸ ਬੋਟ ਦੇ ਮੂੰਹ ਵਿਚ ਪਾਂਦੀ ਹੈ। ਸਿੱਖ ਅਤੇ ਗੁਰੂ ਦਾ ਵੀ ਇਹੀ ਰਿਸ਼ਤਾ ਹੈ। ਸਾਡੀ ਅਵਸਥਾ ਵੀ ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ ॥ਵਰਗੀ ਹੈ।ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰਕੇ ਨਾਮ ਰੂਪੀ ਭੋਜਨ ਸਿੱਖਾਂ ਦੇ ਮੂੰਹ ਵਿਚ ਪਾਇਆ:

ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਗੁਰਬਾਣੀ ਰੂਪੀ ਇਹ ਭੋਜਨ ਗੁਰੂ ਸਾਹਿਬ ਨੇ ਸਿੱਖਾਂ ਦੇ ਮੂੰਹ ਵਿਚ ਪਾਇਆ।'ਸਿੱਖਾਂ ਦੀ ਭਗਤ ਮਾਲਾ' ਵਿਚ ਅੰਕਤ ਹੈ ਕਿ ਸਿੱਖਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ ਅਸਾਨੂੰ ਆਪਣਿਆਂ ਚਰਨਾਂ ਦੀ ਸਰਨੀਂ ਰਖੀਏ। ਸਤਿਗੁਰੂ ਸੱਚੇ ਪਾਤਸ਼ਾਹ ਨੇ ਜਵਾਬ ਦਿੱਤਾ– "ਸਰੀਰ ਨਾਲਿ ਮਿਲੋਗੇ ਤਾਂ ਫੇਰਿ ਭੀ ਵਿਛੜੋਗੇ ਤੇ ਜੇ ਸਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ॥"

ਸੋ ਸਦੀਵ ਕਾਲ ਸਦ ਜੀਵਨ ਰਹਿਣ ਲਈ ਗੁਰਸਿੱਖ ਇਹ ਭੋਜਨ ਪ੍ਰਾਪਤ ਕਰਦੇ ਰਹਿਣਗੇ।

ਪਾਵਨ ਗੁਰਬਾਣੀ ਨੇ ਇਕ ਹੋਰ ਅਦਭੁਤ ਹਵਾਲਾ ਚਾਤਕ ਜਾਂ ਚਾਤ੍ਰਿਕ ਦਾ ਦਿੱਤਾ ਹੈ। ਇਹ ਪੰਛੀ ਸਿਵਾਏ ਸ੍ਵਾਤਬੂੰਦ ਦੇ ਆਪਣੇ ਮੂੰਹ ਵਿਚ ਪਾਣੀ ਦਾ ਹੋਰ ਕੋਈ ਤੁਪਕਾ ਨਹੀਂ ਪਾਂਦਾ।ਗੁਰੂ ਸਾਹਿਬ ਨੇ ਵੀ ਸਿੱਖ ਦੀ ਬਿਰਤੀ ਦੀ ਉਪਮਾ ਚਾਤ੍ਰਿਕ ਨਾਲ ਦਿੱਤੀ ਹੈ ਕਿ ਸਤਿਗੁਰੂ ਨੇ ਖੁਦ ਹਰਿ ਜਸ ਨਾਮ ਦੀ ਬੂੰਦ ਇਸਦੇ ਮੂੰਹ ਵਿਚ ਪਾਈ ਹੈ।ਹੁਣ ਸਿੱਖ ਦੀ ਪਿਆਸ ਕੇਵਲ ਗੁਰਬਾਣੀ ਨਾਲ ਹੀ ਮਿਟ ਸਕਦੀ ਹੈ।ਇਹ ਕਿਧਰੇ ਹੋਰ ਜਾਣਾ ਤਾਂ ਕੀ, ਜਾਣ ਬਾਰੇ ਵੀ ਸੋਚ ਹੀ ਨਹੀਂ ਸਕਦਾ:

ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਜੋਤਿ ਅਤੇ ਜੁਗਤਿ ਦੀ ਇਹ ਅਜਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਇਸ ਤੋਂ ਬਾਅਦ ਇਸ ਜੋਤਿ ਦਾ ਅਗਲਾ ਸਫ਼ਰ ਪ੍ਰਾਰੰਭ ਹੁੰਦਾ ਹੈ। ਆਮ ਤੌਰ 'ਤੇ ਕਿਸੇ ਵਿਅਕਤੀ ਦੇ ਚਲਾਣਾ ਕਰ ਜਾਣ ਦੇ ਬਾਅਦ ਉਸ ਦੀ ਜਾਇਦਾਦ ਵਗੈਰਾ ਉਸਦੇ ਵਾਰਸਾਂ ਨੂੰ ਮਿਲ ਜਾਂਦੀ ਹੈ। ਪਰ ਗੁਰੂ-ਘਰ ਵਿਚ ਰਹੱਸਵਾਦ ਦਾ ਅਜਬ ਲਿਸ਼ਕਾਰਾ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣੀ ਹਯਾਤੀ ਵਿਚ, ਆਪਣੇ ਜੀਵਨ-ਕਾਲ ਵਿਚ ਹੀ ਨਿਰੰਕਾਰ ਦੀ ਉਹ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਸਥਾਪਤ ਕਰ ਦਿੱਤੀ। ਗੁਰਿਆਈ ਦੇ ਸਿੰਘਾਸਨ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਆਪ ਸੰਗਤ ਵਿਚ ਬਿਰਾਜਮਾਨ ਹੋਏ। ਫਿਰ ਸ੍ਰੀ ਗੁਰੂ ਅਮਰਦਾਸ ਜੀ ਦੇ ਬਾਅਦ ਇਹੀ ਨਿਰੰਕਾਰੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ।

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ ਤੇ ਅਖੀਰ ਇਹ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ।ਪਾਵਨ ਗੁਰਵਾਕ ਹੈ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

– ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੂ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥1 ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਇਸ ਤੋਂ ਨਿਰਸੰਦੇਹ ਤੌਰ 'ਤੇ ਪ੍ਰਕਟ ਹੈ ਕਿ ਜਿਹੜੀ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਦੇਵ ਜੀ ਵਿਚ ਸਥਾਪਤ ਹੋਈ ਸੀ ਉਹੀ ਜੋਤਿ ਸਫ਼ਰ ਕਰਦਿਆਂ ਹੋਇਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਕਲਗੀਧਰ ਪਿਤਾ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਦੀ ਪੁਸ਼ਟੀ ਕੀਤੀ:

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥
ਸਾਧਨਿ ਲਖਾ ਮੂੜ੍ਹ ਨਹਿ ਪਾਯੋ ॥9 ॥
ਭਿੰਨ ਭਿੰਨ ਸਭਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥਿ ਨ ਆਈ ॥ (ਬਚਿਤ੍ਰ ਨਾਟਕ)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਹੀ, ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਇਹ ਨਿਰੰਕਾਰ ਦੀ ਜੋਤਿ ਅਗਲੇ ਗੁਰ ਸਰੀਰ ਵਿਚ ਟਿਕਾਈ। ਇਸ ਤਰ੍ਹਾਂ ਜਦੋਂ ਇਹ ਨਿਰੰਕਾਰ ਦੀ ਜੋਤਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾਈ ਗਈ ਸੀ ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ।ਇਸ ਦੇ ਨਾਲ ਹੀ ਇਕ ਨੁਕਤਾ ਹੋਰ ਵਿਚਾਰ ਯੋਗ ਹੈ।ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਂ-ਥਾਂ 'ਤੇ ਸੰਗਤਾਂ ਕਾਇਮ ਕੀਤੀਆਂ। ਫਿਰ ਇਹ ਰਹੱਸਵਾਦ ਦਾ ਸਿਖਰ ਹੈ ਜਦੋਂ ਸਤਿਗੁਰ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰੰਕਾਰ ਰੂਪੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਦੀਵ ਕਾਲ ਲਈ ਟਿਕਾ ਦਿੱਤੀ ਅਤੇ ਸੰਗਤਿ ਕੀਨੀ ਖਾਲਸਾ ਮੁਤਾਬਕ ਜੁਗਤ ਖਾਲਸਾ ਪੰਥ ਵਿਚ ਸਥਾਪਤ ਕਰ ਦਿੱਤੀ। ਇਸ ਤਰ੍ਹਾਂ ਜੋਤਿ ਅਤੇ ਜੁਗਤਿ ਦਾ ਸਫ਼ਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭਿਆ ਸੀ ਉਹ ਗੁਰੂ ਗ੍ਰੰਥ-ਗੁਰੂ ਪੰਥ ਦੇ ਰੂਪ ਵਿਚ ਜੁਗੋ ਜੁਗ ਅਟੱਲ ਲਈ ਸਥਾਪਤ ਹੋ ਗਿਆ।

ਭਾਈ ਮਰਦਾਨਾ ਜੀ ਨੇ ਇਕ ਵੇਰ ਗੁਰੂ ਬਾਬੇ ਨੂੰ ਪਿਆਰ ਵਿਚ ਆ ਕੇ ਕਿਹਾ, "ਬਾਬਾ! ਤੇਰਾ ਮੇਰਾ ਬਹੁਤਾ ਅੰਤਰ ਨਹੀਂ। ਤੂੰ ਰੱਬ ਦਾ ਡੂਮ, ਮੈਂ ਤੇਰਾ ਡੂਮ।"ਪਹਿਲੇ ਜਾਮੇ ਵਿਚ ਸਿੱਖ ਗੁਰੂ ਨੂੰ ਕਹਿ ਪਾ ਰਿਹਾ ਹੈ। ਕਿਤਨੀ ਨੇੜਤਾ ਹੈ, ਕਿਤਨਾ ਨਿੱਘ ਹੈ, ਕਿਤਨਾ ਪਿਆਰ ਹੈ।ਫਿਰ ਦਸਵੇਂ ਜਾਮੇ ਵਿਚ ਕਲਗੀਧਰ ਪਿਤਾ ਇਹੀ ਕਹਿ ਰਹੇ ਹਨ:

ਯਾ ਮੈ ਭੇਦ ਨ ਰੰਚ ਪਛਾਨੋ ॥

ਅਤੇ ਖਾਲਸੇ ਨੂੰ ਗੁਰੂ ਖਾਲਸੇ ਵਿਚ ਤਬਦੀਲ ਕਰ ਦਿੱਤਾ ਤਾਂ ਹਜ਼ੂਰ ਕਹਿ ਰਹੇ ਹਨ:

ਪ੍ਰਭੁ ਮੈ ਮੋਮੈ ਤਾਸ ਮੈ ਰੰਚਕ ਨਾਹਿਨ ਭੇਵ ॥ਇਹ ਹੈ ਸਤਿਗੁਰੂ ਦੀ ਪਰਤੱਖ ਕਰਾਮਾਤ ਤੇ ਅਗੰਮੀ ਰਹੱਸਵਾਦ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ ॥

ਅਤੇ ਗੁਰਬਰ ਅਕਾਲ ਯਾਨਿ ਕਿ ਗੁਰੂ ਬਰਾਬਰ ਹੈ ਅਕਾਲ ਦੇ। ਇਸ ਭਾਵਨੀ ਨਾਲ ਨਿਰੰਕਾਰ ਦੀ ਪ੍ਰਤੱਖ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਢਹਿ ਪਈਏ ਅਤੇ ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇਹੀ ਕਿਹਾ ਫ਼ਬਦਾ ਹੈ:

ਦੇਵ ਦੇਵਤਾਨ ਕੌਂ ਸੁਰੇਸ ਦਾਨਵਾਨ ਕੌਂ
ਮਹੇਸ ਗੰਗ ਧਾਨ ਕੌਂ ਅਭੇਸ ਕਹੀਅਤੁ ਹੈਂ ॥(ਅਕਾਲ ਉਸਤਤ)

*-ਐਡ. ਗੁਰਚਰਨਜੀਤ ਸਿੰਘ ਲਾਂਬਾ*